॥ ਕਲਾਮ ਸ਼ਾਇਰ॥

ਵੜੀ ਹੋਈ ਸਵੇਰ ਤੇ ਜਾਇ ਲੁਕਿਆ ਪੋਹ ਮਾਘ ਸੁਤਾ ਵਿਚ
ਕੂੰਨੂੰਆਂ ਦੇ ॥ ਹੋਇਆਛਾਹਵੇਲਾਤਦੋਂ ਵਿਚ ਬੇਲੇ ਭੇੜ ਆਇ
ਪਏ ਸੱਸੀ ਪੁੰਨੂੰਆਂ ਦੇ ॥ ਬੂਟਾਭੁੰਨਕੇਰਾਂਝੇਦੇ ਹੱਥ ਮਿਲਿਆ
ਫੇਰਆਇਲੱਗੀ ਰੱਤ ਚੂੰਨੂੰਆਂ ਦੇ ॥ ਵਾਰਸਸ਼ਾਹ ਬੇਲਾ ਸਾਰਾ
ਲਾਲ ਹੋਇਆ ਕੈਦੋ ਪਿਆ ਰਹਿਆ ਵਾਂਗ ਘੁੰਨੂੰਆਂ ਦੇ ॥

॥ ਹੀਰ ਸੁੱਤੀ ਨਾਲ ਰਾਂਝੇ ਦੇ ॥

ਜਦੋਂ ਲਾਲ ਕਚੂਰੀਆਂ ਖੇਡ ਸਈਆਂ ਘਰੋ ਘਰੀ ਸੱਭੇ ਉਠ
ਚੱਲੀਆਂ ਨੇ ॥ ਰਾਂਝਾਹੀਰਨਿਆਰੜੇਹੋਸੁੱਤੇਕਿੰਵੀਂ ਨਦੀਦੀਆਂ
ਮਹੀਂ ਨੇ ਮੱਲੀਆਂ ਨੇ ॥ ਸੁਤੇ ਵੇਖਕੇ ਦੋਹਾਂ ਇਕੱਲਿਆਂ ਨੂੰ
ਟੱਕਾਂ ਲੀਕੀਆਂ ਤੇਜ਼ਹੋਚੱਲੀਆਂ ਨੇ ॥ ਪਰੇ ਵਿੱਚ ਕੈਦੋ ਜਾਇ
ਪੱਗਮਾਰੀ ਚਲੋ ਵੇਖ ਲੌ ਗੱਲਾਂ ਅਵੱਲੀਆਂ ਨੇ ॥

॥ ਚੂਚਕ ਬੇਲੇ ਨੂੰ ਚੱਲਿਆ ॥

ਪਰੇ ਵਿਚ ਬੇਗ਼ੈਰਤਗੱਲਹੋਈ ਚੋਭਵਿਚਕਲੇਜੇਦੇ ਚਮਕਦੀ
ਹੈ ॥ ਇਹ ਬੇਸ਼ਰਮਹੈ ਦੱਪਕੇ ਸਿਰੇ ਚੜ੍ਹਿਆ ਭਲੇ ਆਦਮੀ
ਦੀ ਜਾਨਭੁਸਕਦੀ ਹੈ॥ਚੂਚਕਘੋੜੀਤੇ ਤੁਰਤ ਅਸਵਾਰ ਹੋਯਾ
ਹੱਥ ਸਾਂਗਜਿਉਂ ਬਿਜਲੀ ਲਿਸ਼ਕਦੀਹੈ ॥ ਚਾਹੇ ਤੁਰਤ ਹੀ
ਜਾਇ ਮੈਂ ਜੂਹ ਪਹੁੰਚਾਂ ਮਾਰੇ ਚਾਬਕਾਂ ਦੀ ਘੋੜੀ ਨਸਕਦੀ ਹੈ ॥
ਸੁਬ ਘੋੜੀਦਾਕਾੜ੍ਹਹੀ ਕਾੜ ਵਜੇ ਹੀਰ ਸੁਣਦਿਆਂ ਰਾਂਝੇਥੋਂ
ਖਿਸਕਦੀਹੈ ॥ ਉਠੀਂ ਰਾਂਝਿਆ ਸੁੜਿਆ ਬਾਪ ਆਯਾਨਾਲ

ਗੱਲ ਕਰਦੀ ਨਾਲੇ ਰਿਸਕਦੀ ਹੈ॥ ਮੈਨੂੰ ਛਡ ਸਹੇਲੀਆਂ ਨਸ
ਗਈਆਂ ਨਾਲ ਮਕਰ ਹੌਲੀ ਹੌਲੀ ਡੁਸਕਦੀ ਹੈ॥ ਵਾਰਸ ਸ਼ਾਹ
ਜਨੌਂ ਚੂਹੇ ਨੂੰ ਵੇਖ ਬਿੱਲੀ ਸਾਸ ਘੁਟ ਬੈਂਹਦੀ ਨਹੀਂ ਕੁਸਕਦੀ ਹੈ॥

॥ ਕਲਾਮ ਸ਼ਾਇਰ ॥

ਮਹਿਰ ਵੇਖਕੇ ਦੋਹਾਂ ਇਕੱਠਿਆਂ ਨੂੰ ਗ਼ੁੱਸਾ ਖਾਇਕੇ ਹੋਯਾ ਹੈ
ਤੁਰਤ ਵੈਨਾ॥ ਵੇਖੋ ਏਹੁ ਨਿਘਾਰ ਖ਼ੁਦਾਇ ਵਾਲੀ ਝੱਲਾਂ ਵਿਚ
ਇਕੱਲੀਆਂ ਫਿਰਨ ਰੰਨਾਂ॥ ਅੱਖੀਂ ਦੇਖਕੇ ਹੀਰ ਭੀ ਨੁਮਕ ਚੁਲੀ
ਅਤੇ ਕਫ਼ ਵਿਚ ਮਾਰਕੇ ਬਾਲ ਫੰਨਾਂ॥ ਚੂਚਕ ਆਖਿਆ ਰੱਖਤੂ
ਜਮਾ ਖ਼ਾਤਰ ਤੇਰੇ ਸੋਟਿਆਂ ਦੇ ਨਾਲ ਲਿੰਙ ਭੰਨਾਂ॥

॥ ਕਲਾਮ ਹੀਰ ॥

ਮਹੀਂ ਛਡ ਮਾਹੀ ਜਾਇ ਬੁਖਰੈਨਾਂ ਓਹ ਦੇਖਾਂ ਵੇਦੀ ਖ਼ਬਰ ਨਾ
ਕਿਸੇ ਲੀਤੀ॥ ਭੱਠਾ ਵੇਰ ਨਾ ਅਸਾਂ ਲਿਆਵਣਾ ਜੇ ਏਦੂੰ
ਪਿਛਲੀ ਬਾਬਲਾ ਹੋਇ ਬੀਤੀ॥ ਮਸਤਕ ਲਾਲ ਕ੍ਰੋਧ ਦੇ
ਵਿਚ ਹੋਇਆ ਜਿਵੇਂ ਜਾਨ ਅਫ਼ਦਾਲ ਨੇ ਫੈਲ ਪੀਤੀ॥ ਕਿਤੇ ਨੱਠੀ
ਪਰਨਾਈਏ ਇਹ ਜਾਨ ਹੋਈ ਏਹ ਮਰਦ ਨੇ ਦਿਲੋਂ ਤਦਬੀਰ ਕੀਤੀ॥

॥ ਖ਼ਤ ਲਿਖਿਆ ਰਾਂਝੇ ਦੇ ਭਾਈਆਂ ਤਰਫ਼ ਚੂਚਕ ॥

ਸਾਥੋਂ ਵਾਹੀ ਦੇ ਖਿਛਲੇ ਲਏ ਦਾਣੇ ਅਤੇ ਮਾਣੀਆਂ ਪਿਛਲੇ
ਸਾਲ ਦੀਆਂ ਨੇ॥ ਜਦੋਂ ਰਾਂਝਣਾ ਜਾਇਕੇ ਚਾਕ ਬਣਿਆ
ਮਹੀਂ ਚਾਰੀਆਂ ਚੂਰ ਮਸਾਲ ਦੀਆਂ ਨੇ॥ ਲੇਕ ਖ਼ਤ ਹਜ਼ਾਰੇ
ਵਿਚ ਜਾਇ ਕਹਿਆ ਚੂਹਮਾਂ ਕਿਸ ਅਗੇ ਵਡੇ ਮਾਲ ਦੀਆਂ ਨੇ॥

ਭਾਈ ਰਾਂਝੇ ਦਿਆਂ ਸਜਾਲ ਨੂੰ ਖ਼ਤ ਲਿਖਿਆ ਤੁਸੀ ਹਰਦਮ ਜ਼ਾਤ ਨਾ ਹਾਲਦੀਆਂ ਨੇ ॥ ਮਹੀਂ ਕਣਕਦੇ ਦੇਇ ਨੱਸ ਜਾਸੀ ਪਿਛੋਂ ਨਹੀਂ ਜ਼ਿਮਾਂ ਫਿਰੋਲਾਲਦੀਆਂ ਨੇ ॥ ਜਿਸ ਭੁਇੰਤੋਂ ਰੁਸਕੇ ਉੱਠ ਆਇਆ ਕਿਆਰੀਆਂ ਬਣੀਆਂ ਪਈਆਂ ਉਸ ਸਜਾਲ ਦੀਆਂ ਨੇ ॥ ਸਾਥੋਂ ਘੜੀਨਾ ਵਿੱਸਰੇ ਵੀਰ ਪਿਆਰਾ ਰੋ ਰੋ ਭਾਬੀਆਂ ਦੁਖ ਨੂੰ ਜਾਲਦੀਆਂ ਨੇ ॥ ਮੈਨੂੰ ਰੱਬ ਪਰੀਦਾ ਪੁਤਰ ਚਾਕ ਲੱਗਾ ਏਹ ਕੁਦਰਤਾਂ ਜੱਲ ਜਲਾਲਦੀਆਂ ਨੇ ॥ ਸਾਥੋਂ ਰੁਸ ਆਇਆ ਤੁਸੀਂ ਮੋੜ ਘੱਲੋ ਇਸਨੂੰ ਵਾਹਿਰਾਂ ਰਾਤਦਿਨ ਭਾਲਦੀਆਂ ਨੇ ॥ ਮਹੀਂ ਚਾਰਕੇ ਵੱਢਿਆ ਨੱਕ ਸਾਡਾ ਘਰ ਖੂਹਣਾ ਏਸਦੇ ਮਾਲਦੀਆਂ ਨੇ ॥ ਏਹੋ ਸੂਰਤੋਂ ਠੱਗ ਜੇਲਭਦੇ ਹੋ ਵਾਰਸਸ਼ਾਹ ਫ਼ਕੀਰ ਦੇ ਨਾਲਦੀਆਂ ਨੇ ॥

॥ ਕਲਾਮ ਭਾਈਆਂ ॥

ਤੁਸੀ ਘੱਲ ਦੇਹੋ ਤਾਂ ਇਹਸਾਨ ਹੋਵੇ ਨਹੀਂ ਜੋੜ ਮੇਲਾ ਅਸੀ ਆਵਨੇ ਹਾਂ ॥ ਗੱਲ ਪੱਲੜਾ ਤੇ ਮੂੰਹ ਘਾਹ ਸਾਡੇ ਅਸੀ ਰੁਠੜਾ ਵੀਰ ਮਨਾਵਨੇ ਹਾਂ ॥ ਅਸੀ ਆਏ ਤੇ ਤੁਸੀ ਨਾ ਮੋੜ ਘੱਲੋ ਏਸ ਵਾਸਤੇ ਗੱਲ ਅਖਾਵਨੇ ਹਾਂ ॥ ਨਾਲ ਭਾਈ ਤੇ ਪਿੰਡਦੇ ਪੈਂਚ ਸਾਰੇ ਵਾਰਸਸ਼ਾਹ ਨੂੰ ਨਾਲ ਲੈ ਆਵਨੇ ਹਾਂ ॥

॥ ਜਵਾਬ ਚੂਚਕ ॥

ਚੂਚਕ ਸਜਾਲ ਨੇ ਲਿਖਿਆ ਰਾਂਝਿਆਂ ਨੂੰ ਨੱਢੀ ਹੀਰਦਾ ਚਾਕ ਇਹ ਮੁੰਡੜਾ ਜੇ ॥ ਸਾਰਾ ਪਿੰਡ ਡਰੇ ਏਸ ਚਾਕ ਪਾਸੋਂ ਇ

ਮਾਹੀਆਂ ਇਸਦਾ ਕੂੰਡਲਾ ਜੇ॥ ਅਸਾਂ ਜੱਟ ਹੀ ਜਾਣਕੇ ਭਾਕ ਲਾਇਆ ਦਿਆਂ ਤ੍ਰਾਹ ਜੇ ਜਾਣੀਏ ਗੁੰਡੜਾਜੇ ॥ ਏਹੁ ਗੱਭਰੂ ਘਰੋਂ ਕਰੋਂ ਕੱਢਿਆਜੇ ਲੰਙਾ ਨਹੀਂ ਕਮਜ਼ੋਰ ਨ ਟੁੰਡੜਾਜੇ ॥ ਸਿਰ ਸੋਹਿੰਦੀਆਂ ਬੋਦੀਆਂ ਨੱਢੜੇਦੇਕੈਨੀਲਾਲਦੇ ਸੋਹਿੰਦੇ ਬੂੰਦੜਾ ਜੇ ॥ ਵਾਰਸਸ਼ਾਹ ਨ ਕਿਸੇ ਨੂੰ ਜਾਣਦਾਈ ਹੀਰ ਪਾਸ ਦਿਨੇ ਰਾਤ ਹੁੰਦੜਾ ਜੇ ॥

॥ ਕਲਾਮ ਹੀਰ ॥

ਘਰ ਆਈਆਂ ਦੌਲਤਾਂ ਕੌਣ ਮੋੜੇ ਕਦੋਂ ਥੰਨ੍ਹ ਪਿੰਡੋਂ ਕਿਸੇ ਛੋੜਿਆਈ॥ ਅਸਾਂ ਜੀਉਂਦਿਆਂ ਨਹੀਂ ਜਵਾਬ ਦੇਣਾ ਸਾਡਾਂ ਰਬਨੇ ਹੀ ਜੋੜ ਜੋੜਿਆਈ ॥ ਕਿਸੇ ਚਿੱਠੀਆਂ ਖ਼ਤ ਸੁਨੇਹੁੜਿਆਂ ਤੇ ਮਾਲ ਲੁਟਿਆ ਕਿਸੇ ਨੇ ਮੋੜਿਆਈ ॥ ਜਾਏ ਭਾਈਆਂ ਭਾਬੀਆਂ ਪਾਸ ਜਮ ਜਮ ਕਿਸੇ ਹਟਕਿਆ ਨਾ ਕਿਸੇ ਹੋੜਿਆਈ ॥ ਵਾਰਸਸ਼ਾਹ ਸਿਆਲਾਂ ਦੇ ਬਾਗ਼ ਵਿੱਚੋਂ ਰਾਂਝਾ ਫੁੱਲ ਗੁਲਾਬ ਦਾ ਤੋੜਿਆਈ ॥

॥ ਜਵਾਬ ਰਾਂਝੇ ਦੀਆਂ ਭਰਜਾਈਆਂ ਦਾ ॥

ਭਰਜਾਈਆਂ ਰਾਂਝੇ ਦੀਆਂ ਤੰਗ ਹੋਕੇ ਖ਼ਤ ਹੀਰ ਸਿਆਲ ਨੂੰ ਘੱਲਿਆਏ ॥ ਸਾਥੋਂ ਛੈਲ ਵਧੀਕ ਸੌ ਵਾਰ ਸੁੱਟੀ ਲੋਕ ਚਾਟੀਆਂ ਕਿਧਰੋਂ ਸਿਖਿਆਏ ॥ ਦੇਵਰਚੰਦਸਾਡਾਸਾਥੋਂ ਰੁਸ ਆਇਆ ਬੋਲ ਬੋਲੀਆਂ ਲਾਇਕੇ ਭਿਖਿਆਏ ॥ ਸਾਡਾਲਾਲ ਮੋੜੋ ਸਾਨੂੰ ਖ਼ੈਰ ਪਾਉ ਜਾਣੋ ਮੁਲ ਲਿਆ ਪਾਈ ਭਿਖਿਆਏ ॥

ਕੁੜੀਏ ਸਾਂਭਿਆਈ ਮਾਲ ਰਾਂਝਨੇਦਾ ਕਰ ਸਾਰਦਾਦੀਦੜਾ ਨੱਖਿਆਏ ॥ ਝਟ ਕੀਤਿਆਂ ਕੁਝ ਨਾ ਹੱਥ ਆਵੇ ਸੋਈ ਮਿਲੇ ਜੋ ਤੇਰੜਾ ਲਿੱਖਿਆਏ ॥ ਕੋਈ ਢੂੰਡ ਵਡੇਰੜਾ ਕੰਮ ਜੋਗਾ ਅਜੇ ਏਹ ਨਾ ਯਾਰੀਆਂਸਿੱਖਿਆਏ ॥ ਵਾਰੇਸ਼ਾਹਲੈਚਿੱਠੀਆਂ ਦੌੜਿਆਏ ਕੰਮ ਕਾਸਦਾਂ ਦਾ ਕਿੱਥੋਂ ਸਿੱਖਿਆਏ ॥

॥ ਕਾਸਦ ਨੇ ਹੀਰ ਨੂੰ ਖ਼ਤ ਦਿੱਤਾ ॥

ਜਦੋਂ ਖ਼ਤ ਦਿਤਾ ਲਿਆਇ ਕਾਸਦੇਨੇ ਨੱਢੀ ਹੀਰਨੇ ਤੁਰਤ ਪੜ੍ਹਾਇਆਈ ॥ ਸਾਰੇ ਮਾਮਲੇ ਅਤੇ ਵਿਯੋਗ ਸਾਰੇ ਗਿਲਾ ਲਿਖਿਆ ਵਾਚ ਸੁਣਾਇਆਈ ॥ ਘੱਲੇ ਮੋੜ ਦੇਵਰ ਤੁਸੀਂ ਸਾਭੜੇ ਨੂੰ ਮੁੰਡਾ ਤਖਤ ਹਜਾਰਿਓਂ ਆਇਆਈ ॥ ਹੀਰ ਸੱਦਕੇ ਰਾਂਝਣੇ ਯਾਰ ਤਾਈਂ ਸਾਰਾ ਮਾਮਲਾ ਖੋਲ੍ਹ ਸੁਣਾਇਆਈ ॥ ਭਾਈ ਭਾਬੀਆਂਚਾਇਜਵਾਬ ਦਿੱਤਾਸਾਨੂੰ ਵਤਨੋ ਚਾਇ ਦਵਾਇਆਈ ॥

॥ ਕਲਾਮ ਰਾਂਝਾ ॥

ਛੋਇ ਖੋਹਿਕੇ ਬਾਪ ਦਾ ਲਿਆ ਵਿਰਸਾ ਸਾਨੂੰ ਆਪਣੇਗਲੋਂ ਚਾ ਲਾਹਿਓਨੇ ॥ ਮੈਨੂੰ ਮਾਰਕੇ ਬੋਲੀਆਂ ਭਾਬੀਆਂ ਨੇ ਕੋਈ ਸੱਚ ਨਾ ਕੌਲਨਿਬਾਹਿਓਨੇ ॥ ਮੈਨੂੰਦੇਜਵਾਬ ਚਾ ਕੱਢਿਓਨੇ ਹਲ ਜੋਇ ਕਿਆਰੜਾ ਵਾਹਿਓਨੇ ॥ ਰਲ ਰੰਨਖਸਮਾਂ ਮੈਨੂੰ ਠਿੱਠ ਕੀਤਾ ਮੇਰਾ ਅਰਸ਼ ਦਾ ਕਿੰਗਰਾ ਢਾਹਿਓਨੇ ॥ ਅਸੀਂ ਹੀਰਦੇ ਆਣਕੇ ਚਾਕਲੱਗੇ ਜੱਟੀਮਿਹਰਦੇਨਾਲ ਬੁਲਾਇਓ

ਨੇ ॥ ਨਿੱਤ ਬੋਲੀਆਂ ਮਾਰੀਆਂ ਜਾਹੁ ਸਜਾਲੀ ਮੈਂਰਾਂ ਵੰਢਨਾ ਏਨਖੋਂ ਚਾਇਓਨੇ ॥ ਹੁਣ ਚਿੱਠੀਆਂ ਲਿਖਕੇ ਭੇਜੀਆਂ ਨੇ ਰਾਖਾਖੇਤਰੀਨੂੰ ਜਦੋਂ ਚਾਇਓਨੇ ॥ ਵਾਰਸਸ਼ਾਹ ਸਮਝਾਇਕੂ ਭਾਬੀਆਂ ਨੂੰ ਸਾਫ ਨਾਲ ਮੱਥਾ ਕੇਹਾ ਡਾਹਿਓਨੇ ॥

## ॥ ਕਲਾਮ ਹੀਰ ॥

ਹੀਰ ਪੁੱਛਕੇ ਮਾਹੀੜੇ ਆਪਣੇ ਨੂੰ ਲਿਖਵਾਇ ਜਵਾਬ ਚਾ ਟੋਰਿਆਈ ॥ ਲੁਸਾਂ ਲਿੱਖਿਆ ਸੋ ਅਸਾਂ ਵਾਚ ਲੀਤਾ ਸਾਨੂੰ ਵਾਚਦਿਆਂਲੱਗਝਾੜਝੇਰਿਆਈ ॥ ਅਸਾਂਧੀਦੋਨੂੰਚਾਮਧੀਂਵਾਲ ਕੀਤਾ ਸਾਡਾ ਰੱਬਨੇ ਕੰਮਏਹ ਜੋੜਿਆਈ ॥ ਪ੍ਰੀਤ ਲਾਇਕੇ ਪਿਆਰੇਨੂੰ ਕਿਸਵਿੱਤਾਕਦੀਵੇਰਨੀਤੇ ਨਹੀਂ ਟੋਰਿਆਈ ॥ ਲਬੇ ਪਾਨ ਨਾ ਵੱਲ ਨੂੰ ਫੇਰ ਪਹੁੰਚੇ ਸ਼ੀਸ਼ਾ ਚੂਰ ਹੋਯਾਕਿ ਜੋੜਿਆਈ ॥ ਨਹੀਂ ਗੰਗਾਤੋਂ ਹੱਡੀਆਂਮੁੜਦੀਆਂਨੀਵਕਤ ਗਏਨੂੰ ਫੇਰਨਾਮੋੜਿਆਈ ॥ ਹਥੋਂਬਾਜ਼ਛੁਟੇਫੇਰਨਹੀਂ ਮੁੜਦੇ ਵਾਰਸਸ਼ਾਹ ਨਾ ਛੱਡਨਾ ਛੇੜਿਆਈ ॥

## ॥ ਕਲਾਮ ਰਾਂਝੇ ਦੀਆਂ ਭਾਬੀਆਂ ॥

ਜੇ ਤੂੰ ਸੋਹਨੀ ਹੋਇਕੇ ਪਵੇਂ ਸੌਕਣ ਅਸੀ ਇਕ ਤੋਂ ਇਕ ਚੜ੍ਹਦੀਆਂਹਾਂ ॥ ਰੱਬਜਾਣਦਾਹੈਸਾਡੀਉਮਰਸਾਰੀ ਅਸੀਇਸ ਮਾਹਿਬੂਬਦੀਆਂਬੰਦੀਆਂਹਾਂ॥ਅਸੀਇਸਦੇਹਥਵਿਕਾਰਹੀਆਂ ਭਾਵੇਂ ਚੰਗੀਆਂ ਤੇ ਭਾਵੇਂ ਮੰਦੀਆਂਹਾਂ ॥ ਏਹਅਸਾਂਦੇਨਾਲਹੈ ਕੈਦਵੇਰਅਸੀਂ ਇਸਦੇਨਾਲ ਬਣਦੀਆਂਹਾਂ ॥ ਏਹ ਮਾਰਦਾ

ਗਾਲੀਆਂ ਦੇ ਸਾਨੂੰ ਅਸੀਂ ਫੇਰ ਮੂੜ ਰੱਖਣੇ ਹੁੰਦੀਆਂ ਹਾਂ॥ਜਿਸ ਵੇਲੜੇਦਾ ਸਾਥੋਂ ਰੁੱਸਆਇਆ ਅਸੀਂ ਹੰਝੂ ਰੋਂਦੇ ਰੋਂਦੀਆਂ ਹਾਂ ॥ਰਾਂਝੇ ਲਾਲ ਬਾਝੋਂ ਅਸੀ ਖ੍ਵਾਰ ਹੋਈਆਂ ਕੂੰਜਾਂ ਡਾਰ ਥੀਂ ਅਸੀ ਵਿਛੁੱਨੀਆਂ ਹਾਂ ॥ ਜੇਤੂੰ ਏਸਦੇ ਖੈਹੜਿਓਂ ਲਹਿ ਜਾਵੇਂ ਅਸੀਂ ਉਮਰ ਸਾਰੀ ਤੇਰੀ ਬੰਦੀਆਂ ਹਾਂ ॥ ਏਹਦੇ ਥਾਂ ਗ਼ੁਲਾਮ ਹੋਰ ਲਓ ਸਾਥੋਂ ਅਮਨੂਨ ਏਹਸਾਨ ਦੀਆਂ ਹੁੰਦੀਆਂਹਾਂ ॥ ਜੋਗੀ ਲੋਕਾਂ ਨੂੰ ਮੁੰਨਿਕੇ ਕਰੇ ਚੇਲਾ ਅਸੀਂ ਏਸਦੇ ਇਸ਼ਕ ਦੀਆਂ ਮੁੰਨੀਆਂ ਹਾਂ ॥ ਵਾਰਸਸ਼ਾਹ ਰਾਂਝੇ ਅਗੇ ਹੱਥ ਜੋੜੀਂ ਤੇਰੇ ਪ੍ਰੇਮ ਦੀ ਅੱਗ ਨੇ ਭੁਨੀਆਂ ਹਾਂ ॥

॥ ਜਵਾਬ ਹੀਰ ॥

ਭੂਤਕ ਮਜਾਲਤੋਂ ਲਿਖਿਆ ਖ਼ਤ ਚੋਰੀ ਹੀਰ ਮਜਾਲ ਨਾ ਕਿਸੇ ਪ੍ਰਤੀਤ ਹੈ ਨੀ॥ਸਾਡੀ ਖੈਰ ਤੁਸਾਡੜੀ ਖ਼ੈਰ ਚਾਹਾਂ ਏਹ ਖ਼ਤ ਦੇ ਲਿਖਨ ਦੀ ਰੀਤ ਹੈਨੀ॥ ਹੋਰ ਰਾਂਝੇ ਦੀ ਗਲ ਜੋ ਲਿਖੀਆ ਜੇ ਏਹੁ ਬਾਤ ਜੋ ਬੁਰੀ ਅਨੀਤ ਹੈਨੀ ॥ ਰੱਖਾਂ ਚਾਇਕੇ ਮੁਸਹਫ਼ ਕੁਰਾਨ ਇਸਨੂੰ ਕਸਮ ਖਾਇਕੇ ਵਿਚ ਮਸੀਤ ਹੈ ਨੀ ॥ ਤੁਸੀ ਮਗਰ ਕਿਉਂ ਏਸਦੇ ਉਠ ਪਈਓ ਸਾਡੀ ਏਸਦੇ ਨਾਲ ਪ੍ਰੀਤ ਹੈ ਨੀ॥ਸਾਡੇ ਵਾਸਤੇ ਘਰਾਂ ਨੂੰ ਛੱਡ ਆਇਆ ਆਇ ਸਿਖਿਆ ਪ੍ਰੀਤ ਦੀ ਰੀਤ ਹੈ ਨੀ ॥ ਅਸੀ ਤ੍ਰਿਞਣਾਂ ਦੇ ਵਿਚ ਬੈਠੀਆਂ ਹਾਂ ਅਸਾਂ ਗਾਵਣੇ ਏਸਦੇ ਗੀਤ ਹੈ ਨੀ ॥ ਦਿਨੇ ਛਡ ਮੱਝਾਂ ਵੜੇ ਵਿਚ ਬੇਲੇ ਏਸ ਮੁੰਡੜੇ ਦੀ ਏਹਾ ਰੀਤ ਹੈ ਨੀ॥ ਰਾਤੀਂ ਆਣ

ਅਲਾਹਨੂੰਯਾਦਕਰਦਾਵਾਰਸਸ਼ਾਹਵੀਜ਼ਾਇਮਸੀਤ ਹੈ ਨੀ ॥
ਨੀਮੇਂ ਖੋਲਘੱਤੀਇਸਦੇ ਮੁਖੜੇ ਤੋਂ ਪਾਉ ਦੁੱਧ ਚੂਰੀਇਸਦਾ
ਕੂਤ ਹੈ ਨੀ॥ਅੱਲਾ ਅੱਲਾ ਦੀਆਂਜੱਲੀਆਂਪਾਂਵਦਾਈ ਜ਼ਿਕਰ
ਹੱਥ ਤੇ ਲਾਯਮੂਤਹੈਨੀ॥ਨਹੀਂ ਝਾਬੀਆਂ ਤੇ ਕਰਤੂਤ ਕਾਈ
ਸੱਭੋ ਕੱਢਣੇਨੂੰ ਮਜ਼ਬੂਤ ਹੈਨੀ॥ਜਦੋਂ ਤੁਸਾਂ ਏਹ ਗਾਲੀਆਂ
ਦਿੱਤੀਆਂ ਸੀ ਏਹਤਾਂ ਉਤਨੀਦਾ ਕੋਈ ਉਤ ਹੈਨੀ॥ਵਿਰਸਾ
ਖੋਹਲਿਆਡਾਢਾਦੁਖਦਿੱਤਾਡਰਦਾ ਨਿਕਲਿਆਕੈਲਕਲਬੂਤ
ਹੈ ਨੀ ॥ਮਾਰਿ ਤੁਸਾਂ ਦੇ ਮੇਹਨਿਆਂ ਗਾਲੀਆਂਦਾ ਏਹਤਾਂ
ਸੂਕਕੇ ਹੋਯਾ ਤਾਬੂਤ ਹੈ ਨੀ॥ ਸੈਂਪ ਪੀਰਾਂ ਨੂੰ ਛੱਲ ਵਿੱਚ
ਛੇੜਨੀ ਹਾਂ ਏਹਦੀਮੱਦਦਖ਼ਿਜਰਤੇ ਲੂਤ ਹੈਨੀ॥ਵਾਰਸਸ਼ਾਹ
ਫਿਰਾਂਓਹਦੇਮਗਰ ਲੱਗੀ ਅੱਜ ਤੀਕ ਤਾਂ ਰਿਹਾਅਛੂਤਹੈਨੀ॥

॥ ਜਵਾਬ ਭਰਜਾਈਆਂ ॥

ਸਾਡਾ ਮਾਲ ਸੀ ਸੋਤੇਰਾਹੋਇਗਿਆਜਰਾਵੇਖਨਾਬਰਾਖੁਦਾਈ
ਆਂਦਾ॥ਤੂੰਹੇਂ ਰੱਦਿਆਸੀਤੂੰਹੇਂ ਪਾਲਿਆਸੀ ਨਾ ਏਹ ਭਾਬੀਆਂ
ਦਾ ਨਾ ਏਹ ਭਾਈਆਂਦਾ॥ ਸ਼ਾਹੂਕਾਰ ਹੋ ਬੈਠੀਹੈਂ ਮਾਲਲੈਕੇ
ਬੋਲ ਬੋਲੀ ਹੈਂ ਬੈਠ ਤੂੰ ਸਾਈਆਂਦਾ ॥ ਗੁੱਡਾ ਹੱਥ ਆਇਆ
ਤੁਸਾਂਗੁੱਡੀਆਂਦੇਅੰਨ੍ਹੇਤੂਹੇਨੂੰਬੇਬਿਆਂਧਾਈਆਂਦਾ॥ਵਾਰੇਸ਼ਾਹ
ਦੀ ਭੈੜੀਏ ਮਾਰਵੱਗੀਜੇਹਾ ਖੋਹਿਆ ਵੀਰ ਤੂੰ ਭਾਈਆਂਦਾ॥

॥ ਕਲਾਮ ਹੀਰ ॥

ਤੁਸੀ ਏਸਦੇ ਮਗਰ ਨਾ ਪਵੋ ਅੜੀਓ ਕੱਢੀਨਹੀਂ ਕੂਚ ਏਸ

ਵਾਪਾਰ ਉੱਤੋਂ ॥ਨੀ ਮੈਂ ਜੀਉਂਦੀ ਜਿਸ ਬਿਨ ਰਹਾਂ ਕੀਕਰ ਨੀ ਮੈਂ ਘੋਲ ਘੱਤੀ ਰਾਂਝੇ ਯਾਰ ਉੱਤੋਂ ॥ ਝੱਲਾਂਬੇਲਿਆਂਵਿਚ ਓਹ ਫਿਰੇ ਭੌਂਦਾ ਸਿਰ ਵੇਚਦਾ ਮੈਂ ਗੁਨਹਗਾਰ ਉੱਤੋਂ ॥ਮੇਰੇ ਆਖਣੇ ਤੇ ਮਹੀਂ ਚਾਰਦਾ ਨੀ ਲੋਕ ਖੱਟਦੇ ਕਸਬ ਰੁਜ਼ਗਾਰ ਉੱਤੋਂ ॥ ਮੇਰੇ ਵਾਸਤੇ ਕਾਰ ਕਮਾਂਵਦਾਈ ਮੇਰੀ ਜਾਨਘੋਲੀ ਇਸਦੀ ਕਾਰ ਉੱਤੋਂ॥ਤਦੋਂ ਭਾਬੀਆਂ ਸਾਕ ਨ ਬਣਦੀਆਂ ਸਨ ਜਦੋਂ ਸੁਣਿਆ ਪਕੜ ਪਹਾੜ ਉੱਤੋਂ ॥ ਘਰੋਂ ਭਾਈਆਂ ਦਾ ਜਵਾਬ ਦਿੱਤਾਏਹਨਾਂ ਭੁਇੰਦੀਆਂਪੱਟੀਆਂ ਚਾਰਉੱਤੋਂ॥ ਨੇ ਉਮੈਦ ਹੋ ਵਤਨਨੂੰ ਛਡ ਆਇਆ ਮੋਤੀ ਟੁਟ ਪੈਪੱਟਦੀ ਤਾਰ ਉੱਤੋਂ ॥ ਬਿਨਾਂਮੇਹਨਤਾਂਮਸਕਲੇਲਖਫੇਰੋਂਨਹੀਂਮੋਰਚਾ ਜਾਏ ਤਲਵਾਰ ਉੱਤੋਂ ॥ ਏਹਤਾਂਮੇਹਣਾਲਗੇਗਾ ਕਦੇਨਾਹੀਂ ਤੇ ਸਜਾਲਾਂਦੇਸਭਪ੍ਰਵਾਰ ਉੱਤੋਂ ॥ਨੱਢੀ ਆਖਸਨ ਝਗੜਦੀ ਨਾਲ ਲੋਕਾਂ ਏਸ ਭੌਂਬੜੇ ਸੋਹਣੇ ਯਾਰ ਉੱਤੋਂ॥ ਵਾਰਸਸ਼ਾਹ ਸਮਝਾਇ ਤੂੰ ਭਾਬੀਆਂਨੂੰਹੁਣਮੁੜਨ ਨਾ ਲੱਖਹਜ਼ਾਰਉੱਤੋਂ॥

॥ ਕਲਾਮ ਚੂਚਕ ॥

ਚੂਚਕ ਸੱਦਭਾਈਆਂ ਪਰ੍ਹਾ ਲਾਇ ਬੈਠਾ ਕਿਤੇਹੀਰ ਨੂੰਰਾਹਿ ਪਰਨਾਈਏਜੀ ॥ ਇਕੇ ਰਾਂਝਿਆਂਨਾਲ ਵਿਆਹਦੇਈਏਇਕੇ ਬੈਨੜੇ ਦਾ ਪਰਨਾਈਏ ਜੀ॥ਹੱਥੀਂ ਆਪਣੀ ਕਿਤੇ ਸਮਿਆਨ ਕਰੀਏਜਾਣਬੁਝਨਾ ਲੀਕਲਵਾਈਏਜੀ॥ਭਾਈਆਂਆਖਿਆ ਚੂਚਕਾ ਏਹ ਮਸਲਤ ਅਸੀਂ ਖੋਲ੍ਹਕੇ ਆਖ ਸੁਣਾਈਏਜੀ॥

ਵਾਰਸ਼ਾਹਫ਼ਕੀਰਪ੍ਰੇਮਭਾਈਂ ਹੀਰਉਸਤੋਂ ਪੁੱਛ ਮੰਗਾਈਏਜੀ॥

॥ ਕਲਾਮ ਭਾਈਆਂ ॥

ਨਾਲ ਰਾਂਝਿਆਂ ਕਦੀ ਨਾ ਸਾਕ ਕੀਤਾ ਨਹੀਂ ਦਿੱਤੀਆਂ ਅਸਾਂ ਕੁੜਮਾਈਆਂ ਓਇ ॥ ਕਿਥੋਂ ਰੁਲਦਿਆਂ ਗੋਲਿਆਂ ਆਇਆਂ ਨੂੰ ਦੇਓ ਏਹ ਸਿਆਲਾਂ ਦੀਆਂ ਜਾਈਆਂ ਓਇ॥ ਨਾਲ ਖੇੜਿਆਂ ਦੇ ਏਹ ਸਾਕ ਕੀਜੇ ਧੁਰੋਂ ਜੇਹੀਆਂ ਹੁੰਦੀਆਂ ਆਈਆਂ ਓਇ॥ ਭਲੇ ਸਾਕਾਂ ਦੇ ਨਾਲ ਚਾ ਸਾਕ ਕੀਜੇ ਵੱਡੇ ਘਰਾਂ ਦੀਆਂ ਦੇਨ ਵਧਾਈਆਂ ਓਇ॥ ਖੇੜੇ ਸਾਕ ਚੰਗੇ ਕਿਹਾ ਮੰਨ ਸਾਡਾ ਪਿੱਛੋਂ ਫਿਰੇਂਗਾ ਢੂੰਡਦਾ ਜਾਈਆਂ ਓਇ॥ ਵਾਰਸ ਸ਼ਾਹ ਅੰਗ ਧਾਰੀਆਂ ਭੁਖਦੀਆਂ ਭੀ ਕਿਸੇ ਵਿਚ ਬਰੂਦ ਛਪਾਈਆਂ ਓਇ ॥

॥ ਭਾਈਆਂ ਸਲਾਹ ਦਿੱਤੀ ॥

ਅਸਾਂ ਭਾਈਆਂ ਏਹ ਸਲਾਹ ਕੀਤੀ ਕਿਹਾ ਅਸਾਂ ਸੋਈ ਪਰਵਾਨ ਕੀਜੇ॥ ਆਖੇ ਖੇੜਿਆਂ ਅਸਾਂ ਤੇ ਇਕ ਨਾਈ ਕਰ ਮਿੰਨਤਾਂ ਚਾਇ ਅਹਿਸਾਨ ਕੀਜੇ॥ ਇਨ੍ਹਾਂ ਧਨਾਂ ਦਾ ਕੁਛ ਵਿਸਾਹ ਨਾਹੀਂ ਕਿਸੇ ਗੱਲ ਦਾ ਨਹੀਂ ਗੁਮਾਨ ਕੀਜੇ ॥ ਭਲੇ ਜਟ ਸਾਡੇ ਬੂਹੇ ਆਨ ਬੈਠੇ ਏਹ ਛੋਕਰੀ ਉਨ੍ਹਾਂ ਨੂੰ ਦਾਨ ਕੀਜੇ॥ ਜਿਥੇ ਰਬ ਦੇ ਨਾਉਂ ਦਾ ਜ਼ਿਕਰ ਹੋਵੇ ਲਖ ਬੇਟੀਆਂ ਘੋਲ ਕੁਰਬਾਨ ਕੀਜੇ॥ ਵਾਰਸ਼ਾਹ ਮੀਆਂ ਨਹੀਂ ਕਰੋ ਆਕੜ ਫਿਰ ਆਵਨੇ ਦਾ ਸਮਿਆਨ ਕੀਜੇ॥

॥ ਕਲਾਮ ਚੂਚਕ ॥

ਚੂਚਕ ਫੇਰਕੇ ਚੰਦ ਸਦਵਾਇ ਘੱਲੇ ਆਵਨ ਨੈਂ ਧਰੀ ਸਾਰਿਆਂ

ਚੱਕਰਾਂਦੇ॥ ਹੱਥਵੰਞੇਇਰੁਪੱਯਾਪਲੇਪਾਇਸੱਕਰਸ੍ਵਾਲਪਾਊਂਦੇ
ਛੋਹਰੀਆਂਚੱਕਰਾਂਦੇ॥ਲਾਗੀਆਖਦੇਸੈਨਨੂੰਸੈਨਰਲਿਆ ਤੇਰਾ
ਸਾਕ ਹੋਯਾ ਨਾਲਠੱਕਰਾਂਦੇ॥ ਧਰਿਆ ਢੋਲ ਜਟੇਟੀਆਂਦੇਨ
ਢੋਲਾਂ ਛੈਨੇ ਲਿਆਉਂਦੀਆਂ ਦਾਹਿਆਂਸੱਕਰਾਂ ਦੇ॥ ਇਕ
ਆਉਂਦੀਆਂਗਾਉਂਦੀਆਂਨਾਲਖੁਸ਼ੀਭੜਥੂਪਾਂਦੀਆਂਲੈਨਾਲ
ਹੱਕਰਾਂਦੇ॥ ਵਾਰਸ ਹੀਰ ਰਾਂਝਾ ਦਿਲਗੀਰ ਹੋਏ ਦੋਨੋਂ ਦੇਨ
ਗਾਲੀਂ ਨਾਲ ਅੱਕਰਾਂ ਦੇ॥

॥ਵਧਾਈ ਖੇੜਿਆਂ ਨੂੰ॥

ਆਇ ਮਿਲੀਆਂਵਧਾਈਆਂਖੇੜਿਆਂਨੂੰਲੁੱਡੀਮਾਰ ਝੁਰਮੁਟਾ
ਘੱਤਦੇ ਨੇ॥ ਢਾਲਾਂ ਲੈਨ ਅਪੁਨੀਆਂ ਖ਼ੁਸ਼ੀ ਹੋ ਹੋ ਲਾਇ
ਮਜਲਸਾਂ ਖੇਲਦੇ ਵਤ ਦੇਨੇ॥ ਭਲੇਕੁੜਮ ਮਿਲੇ ਸਾਨੂੰ ਸ਼ਰਮ
ਵਾਲੇ ਰੱਜੇ ਜੱਟ ਮਿਲੇਅਹਿਲ ਪੱਤਦੇਨੇ॥ ਵਾਰਸਸ਼ਾਹ ਦੀ
ਸੁਖਨਾਂ ਦਿਤੀਆਂਨੇ ਵਡੇ ਦੇਗੜੇ ਦੁਧਤੇ ਭਤਦੇਨੇ॥

॥ ਹੀਰ ਕਹਿੰਦੀ ਹੈ ਮਾਉਂ ਨੂੰ॥

ਹੀਰ ਮਾਂ ਦੇ ਨਾਲ ਆ ਲੜਨਲੱਗੀ ਤੁਸਾਂ ਸਾਕ ਕੀਤਾ ਨਾਲ
ਜੇਰੀਆਂਦੇ॥ਕਦੋਂਮੈਂਗਿਆਮੁਣਸਮੈਂ ਆਖ ਤੈਥੋਂ ਵੈਰਕੱਢਿਓ
ਨੇ ਕਿਨਾਂ ਖੇਰੀਆਂ ਦੇ॥ ਚਾਇ ਕੁਗਲਨੂੰ ਕੂੰਜਦਾਸਾਕਦਿਤਾ
ਪਰੀ ਬੱਧੀਆ ਜੋ ਗਲ ਧੋਣੀਆਂਦੇ॥ ਜੇਹੜੇ ਹੋਨ ਬਿਅਕਲ
ਚਾ ਲਾਉਂਦੇਨੀ ਇਟਾਂ ਮਾੜੀਆਂ ਦੀਆਂ ਨਾਲ ਮੋਰੀਆਂਦੇ॥
ਹੁਣਕਰੇਂ ਵਲਾਉਕੀ ਅਸਾਂਕੋਲੋਂ ਏਹਕੰਮਨਾਹੀਂਹੁੰਦੇਚੋਰੀਆਂ

ਵੇ ਵਾਰਸਸ਼ਾਹਮੀਆਂ ਰੰਨਾਂ ਜੱਗਸਾਰਾ ਮਜੇ ਵੇਖ ਲੈ ਪੌਰੀਆਂ ਪੌਰੀਆਂ ਦੇ॥

॥ ਹੀਰ ਕਹਿੰਦੀ ਹੈ ਰਾਂਝੇ ਨੂੰ ॥

ਹੀਰ ਆਖਦੀ ਰਾਂਝਿਆ ਕਹਿਰ ਹੋਯਾ ਏਥੋਂ ਉਠਕੇ ਚਲ ਜੇ ਚੱਲਨਾਈਂ ॥ ਏਥੋਂ ਉਠਕੇ ਲੰਬੜੇ ਰਾਹ ਪਈਏ ਕੋਈ ਅਸਾਂ ਏਹ ਦੇਸ ਨਾ ਮਲਣਾਈਂ ॥ ਜਦੋਂ ਝੁਗੜੇ ਵੜੀ ਮੈਂ ਖੇੜਿਆਂ ਦੇ ਕਿਸੇ ਮੋੜਨਾ ਅਸਾਂ ਨੂੰ ਘੱਲਨਾਈਂ ॥ ਮਾਈ ਬਾਪ ਨੇ ਜਦੋਂ ਵਜ਼ਾਹ ਦਿੱਤੀ ਕੋਈ ਅਸਾਂ ਦਾ ਵੱਸ ਨਾ ਚਲਨਾਈਂ ॥ ਅਸੀਂ ਇਸ਼ਕ ਦੇ ਆਣ ਮੈਦਾਨ ਰੁੱਝੇ ਜੇਹਾ ਸੂਰਮੇ ਨੂੰ ਰਣੋਂ ਟੱਲਣਾਈਂ ॥ ਵਾਰੇ ਸ਼ਾਹ ਜਾਂ ਦਰਦ ਫ਼ਿਰਾਕ ਛੁੱਟੇ ਇਹ ਕਟਕ ਫਿਰ ਕਿਨੇ ਨ ਝੱਲਣਾਈਂ ॥

॥ ਕਲਾਮ ਰਾਂਝਾ ॥

ਹੀਰੇ ਇਸ਼ਕ ਨਾ ਮੂਲ ਸੁਆਦ ਦੇਂਦਾ ਚੋਰੀ ਯਾਰੀ ਤੇ ਨਾਲ ਉਧਾਲੀਆਂ ਦੇ ॥ ਕਿੜਾਂ ਪੌਂਦੀਆਂ ਨੱਠੀਆਂ ਦੇਸ ਵਿੱਚੋਂ ਕਿਤੇ ਸੁਨੇਸਨ ਖੂਹਣੀਆਂ ਗਾਲੀਆਂ ਦੇ ॥ ਮੈਨੂੰ ਠੱਗ ਕੇ ਮਹੀਂ ਚਰਾਇ ਲਈਆਂ ਏਹ ਰਾਹੁ ਨੀ ਰੰਨਾਂ ਦੇ ਚਾਲੀਆਂ ਦੇ ॥ ਵਾਰਸ ਸ਼ਾਹ ਸਰਾਫ਼ ਸਭ ਜਾਣਦੇ ਨੀ ਐਬ ਖੋਟੀਆਂ ਭਿਨੀਆਂ ਵਾਲੀਆਂ ਦੇ ॥

॥ ਕੁੜੀਆਂ ਕਹਿੰਦੀਆਂ ਰਾਂਝੇ ਨੂੰ ॥

ਚੂਚਕ ਸਿਆਲ ਨੇ ਕੌਲ ਵਿਸਾਰ ਦਿਤੇ ਜਦੋਂ ਹੀਰ ਨੂੰ ਮਾਂਈਏਂ ਪਾਇਆ ਨੇ ॥ ਕੁੜੀਆਂ ਝੰਗ ਸਿਆਲਾਂ ਦੀਆਂ ਧੁੰਮਲਾ ਹੋ ਸੱਭੇ ਪਾਸ ਰਾਂਝੇ ਦੇ ਆਈਆਂ ਨੇ ॥ ਓਹਦੇ ਵਿਆਹ ਦੇ ਸਭ ਸਮਿਆਨ

ਹੋਏ ਗੰਢੀ ਢੋਸਤੇਫੇਰੀਆਂ ਨਾਈਆਂਨੇ ॥ ਹੁਣ ਤੇਰੀਰੰਝੇ-
ਟਿਆ ਹਾਲ ਕੀਕੂੰ ਤੈਥੋਂ ਰਾਤਦਿਨ ਮਹੀਂ ਚਰਾਈਆਂਨੇ ॥
ਅਵੇ ਮੂਰਖਾ ਪੁਛਤੂੰਨੱਢੜੀਨੂੰ ਮੇਰੇਨਾਲਤੂੰਕੇਹੀਆਂਚਾਈਆਂ
ਨੇ ॥ ਹੀਰੇਕਹਿਰ ਕੀਤੇ ਰਲ ਭਾਈਆਂ ਨੇ ਸਭੋ ਖੁਲ ਖੁਲ
ਚਾਇ ਗਵਾਈਆਂਨੇ ॥ ਜੇਤਾਂ ਅੰਤ ਮੈਨੂੰ ਪਿੱਛਾ ਦੇਵਣਾ ਸੀ
ਏਡੀਆਂਮੇਹਨਤਾਂਕਾਹੇਕਰਾਈਆਂਨੇ ॥ ਏਹੋਹੱਦਹੀਰੇ ਸਾਡੇ
ਨਾਲਤੇਰੀਮਹਿਲਚਾੜ੍ਹਕੇਪੌੜੀਆਂਚਾਈਆਂਨੇ ॥ ਤੈਨੂੰਵਿਆਹ
ਦੇ ਹਾਰ ਸ਼ਿੰਗਾਰ ਹੋਏ ਅਤੇ ਖੇੜਿਆਂਘਰੀਂਵਧਾਈਆਂਨੇ ॥
ਖਾਇ ਕਸਮ ਕੁਰਾਨਦੀ ਘੋਲਪੀਤੀ ਡੋਬਸੁਟੀਆਂ ਪੂਰੀਆਂ
ਪਾਈਆਂ ਨੇ ॥ ਬਾਹੋਂ ਪਕੜਕੇ ਕੱਢਕੇ ਵੈਰ ਦੇਸੋਂਏ ਤੋੜ
ਵਿਖਾ ਜਿਵੇਂ ਲਾਈਆਂਨੇ ॥ ਯਾਰਯਾਰਕੋਲੋਂਹੁਣ ਦੂਰਕੀਤੇ
ਮੇਰੇ ਬਾਬਕੀਕੇਹਰਬਨਾਈਆਂਨੇ ॥ ਵਾਰਸਸ਼ਾਹਨੂੰਠਗਿਆ
ਦਗਾ ਦੇਕੇ ਜੇਹੀਆਂਕੀਤੀਆਂ ਤੇਹੀਆਂਪਾਈਆਂ ਨੇ ॥

॥ ਕਲਾਮ ਰਾਂਝਾ ॥

ਰਾਂਝੇਆਖਿਆਮੂੰਹੋਂਕੀਬੋਲਨਾਏਘੁਟਵਟਕੇਦੁਖੜਾਪੀਵਨਾਏ
॥ ਮੇਰੇਸਬਰਦੀ ਦਾਦ ਜੇ ਰਬਦਿੱਤੀ ਖੇੜੇ ਹੀਰਸਜਾਲ ਨਾ
ਜੀਵਣਾਏ ॥ ਯੌਮਾ ਤਸ਼ੱਕਾਕੂ ਅਸਮਾ ਸਾਰੇਦੇਸ ਵਿੱਚ ਏਹਾ
ਸ਼ਾਮ ਥੀਵਨਾਏ ॥ ਯੌਮਾ ਤਬਦਲਉਲ ਅਰਸੋਂਅੰਬਰਪਾਟਣੇ
ਨੂੰ ਕਿਸਮੀਵਨਾਏ ॥ ਸਬਰ ਦਿਲਾਂ ਦੇ ਮਾਰ ਜਹਾਨ ਪਾਟਾ
ਉੱਘਾ ਬੋਲਕੇਨਹੀਂਬੁਕੀਵਨਾਏ ॥ ਤੁਸੀਂ ਕਮਲੀਆਂ ਇਸ਼ਕ

ਖੀਂ ਨਹੀਂ ਵਾਕਫ਼ ਇਸ਼ਕ ਲਾਵਨਾ ਨਿੰਮ ਦਾ ਪੀਵਨਾਏ ॥ ਵਾਰਸਸ਼ਾਹ ਕੁਪਕੀਤਜਾਂ ਕੰਮ ਪਾਈਏ ਉੱਰੀ ਝੇਲਸਾਨਹੀਂ ਢਪੀਵਨਾਏ ॥

॥ ਕੁੜੀਆਂ ਕਹਿੰਦੀਆਂ ਹੈਂ ਹੀਰ ਨੂੰ ॥

ਰਲ ਹੀਰ ਤੇ ਆਈਆਂ ਫੇਰ ਸਭੇ ਰਾਂਝੇ ਯਾਰ ਤੇਰੇ ਸਾਨੂੰ ਘੱਲਿਆਈ ॥ ਖੂੰਡੀ ਕੰਮਲੀ ਵੰਝਲੀ ਸੱਟਕੇ ਤੇ ਛੱਡ ਦੇਸ ਪਰਾਏਨੂੰਚਲਿਆਈ ॥ ਜੇ ਤੂੰ ਅੰਤ ਪਿੱਛਾ ਉਸਨੂੰ ਦੇਵਣਾਸੀ ਉਸਦਾ ਕਾਲਜਾ ਕਾਸਨੂੰ ਸੱਲਿਆਈ ॥ ਅਸਾਂ ਏਤਨੀਗੱਲ ਮਲੂਮ ਕੀਤੀ ਤੇਰਾਨਿਫਲ ਯਕੀਨ ਹੋਚਲਿਆਈ ॥ ਹਾਇ ਹਾਇਮਿੱਠੀਭੈੜੀਨਾਗਨੀਏਓਨੂੰਸੱਖਣਾਕਾਸਨੂੰਘਲਿਆਈ ॥ ਉਸਦਾਵੇਖਕੇਹਾਲਅਹਿਵਾਲਸਾਰਾਸਾਡਾਨੀਰਨੈਣਾਂਰੋਂਵਿਣਾਂ ਠੱਲਿਆਈ ॥ ਨਿਰਾਸਦੀ ਰਾਸ ਲੈ ਇਸ਼ਕਕੋਲੋਂ ਸੁਕਲਾਤ ਦੇ ਥੀਆਂਨੂੰਘਲਿਆਈ॥ਵਾਰਸਸ਼ਾਹ ਫ਼ਕੀਰਤੋਂ ਹੱਕ ਖੁੱਥਾ ਅਰਸ਼ ਰਬਦਾ ਤੁਦੋਂ ਥਰਥਲਿਆਈ ॥

॥ ਕਲਾਮ ਹੀਰ ॥

ਹੀਰ ਆਖਿਆ ਓਸਨੂੰ ਕੂੜੀਕਰਕੇ ਬੁਕਲ ਵਿਚ ਲੁਕਾਇ ਲ੍ਹਿਆਇਓਜੇ ॥ ਮੇਰੇ ਮਾਂ ਤੇ ਬਾਪਤੋਂ ਕਰੋਪੜਦਾਮੂਲਗੱਲ ਨਾ ਕਿਸੇ ਸੁਣਾਇਓਜੇ॥ ਆਮੋਂਸਾਮਣੇ ਹੋਇਕੇ ਕਰਾਂ ਗੱਲਾਂ ਤੁਸੀ ਮੁਨਸਫ਼ਹੋ ਮੁਕਾਇਓਜੇ ॥ ਜੇਹੜੇ ਹੋਨ ਸਰੋ ਸੋਈ ਨਜ਼ਰ ਆਵਨਭੈਨ ਝੂਠਿਆਂ ਨੂੰ ਤੁਸੀਂ ਲਾਇਓ ਜੇ ॥ ਮੈਂ ਤਾਂ

ਚਾਹਿਰਹੀਆਂ ਤਿਸ ਕੰਮ ਨੂੰ ਲੈਕੇ ਉਠ ਦਲਵਤਨ ਸਿਧਾ ਵਿਚ ਲੈਕੇ। ਮੇਲਾ ਆਖਿਆ ਤਿਸ ਨਾ ਮੰਨ ਲੀਤਾ ਚੁਣ ਕਾਸਨੂੰ ਤੂੰ ਸਕਦਾ ਲਾ ਵਿਚ ਲੇ ॥ ਵਾਰਸਸ਼ਾਹ ਮੀਆਂ ਹਰ ਵਕਤ ਧੂੰਆਂ ਕਿਸੇ ਪੀਰ ਨੂੰ ਹੱਥ ਨਾ ਆਵਿਚ ਲੇ ॥

॥ ਕੁੜੀਆਂ ਲੈ ਆਈਆਂ ਰਾਂਝੇ ਨੂੰ ਪਾਸ ਹੀਰ ਦੇ ॥

ਰਾਤੀਂ ਨਾਲ ਰਲਾਇਕੇ ਮਾਹੀੜੇ ਨੂੰ ਕੁੜੀਆਂ ਹੀਰਦੇਪਾਸ ਲੈ ਆਈਆਂਨੀ ॥ ਹੀਰ ਆਂਵਦੇਨੂੰ ਆਖਿਆ ਬਿਸਮਿੱਲਾ ਅੱਜ ਦੌਲਤਾਂ ਮੈਂ ਘਰ ਆਈਆਂ ਨੀ ॥ ਲੋਕਾਂ ਆਖਿਆ ਹੀਰਦਾ ਵਿਆਹ ਹੁੰਦਾ ਅਸੀਂ ਵੇਖਣੇ ਆਏ ਹਾਂ ਮਾਈਆਂ ਨੀ॥ ਸੂਰਜ ਚੜ੍ਹੇਗਾ ਮਗਰਬੋਂ ਜਿਵੇਂ ਕਿਆਮਤ ਤੋਬਾ ਤਰਕਕਰ ਕੂਲ ਬੂਹਿਆਈਆਂਨੀ॥ ਜਿਨ੍ਹਾਂ ਮੱਝੀਂ ਦਾਚਾਕਸਦਾਂਵਦਾਸਾਂ ਸੋਈ ਮੱਝੀਆਂ ਖੇੜਿਆਂ ਆਈਆਂ ਨੀ ॥ ਉਸ ਵਕਤ ਜਵਾਬ ਹੈ ਮਾਲਕਾਂ ਨੂੰ ਹੱਕ ਧਾੜਵੀਆਂ ਨੇ ਅੱਗੇ ਲਾਈਆਂ ਨੀ ॥ ਏਹ ਸਾਕ ਸਹੇਲੀਆਂ ਲੈਣ ਤੇਰੇ ਸਭੇ ਮਾਮੀਆਂ ਫੁਫੀਆਂ ਤਾਈਆਂ ਨੀ॥ ਤੁਸਾਂ ਵਹੁਟੀਆਂ ਬਣਨ ਦੀ ਨੀਤ ਬੱਧੀ ਲੀਕਾਂ ਹੱਥ ਤੇ ਪੱਛ ਕੇ ਲਾਈਆਂਨੀ ॥ ਅਸਾਂ ਕੇਹੜੀ ਆਸ ਹੈ ਨੱਢੀਏ ਨੀ ਜਿਵੇਂ ਖੇੜਿਆਂ ਜਹੀ ਵਿਖਾਈਆਂਨੀ॥ ਵਾਰਸਸ਼ਾਹ ਖ਼ੁਦਾਇ ਨੂੰ ਸੌਂਪੀਏ ਤੂੰਸਾਨੂੰ ਛਡਕੇ ਹੋਰਥੇਂ ਲਾਈਆਂ ਨੀ ॥

॥ ਖੇੜਿਆਂ ਦਿਨ ਮੁਕੱਰਰ ਕੀਤਾ ਸ਼ਾਦੀ ਦਾ ॥

ਖੇੜਿਆਂ ਸਾਧ ਕਢਾਇਕੇ ਬਾਮਣਾਂ ਤੋਂ ਭਲਾ ਥਿੱਤ ਮਹੂਰਤ ਵਾਰ

ਮੀਆਂ ॥ ਨਾਵੀਂ ਸੈਣੋਂ ਤੇ ਰਾਤਸੀਵੀਰਵਾਰੀ ਲਿਖ ਘਲਿਆ ਏਹੁ ਨਿਰਵਾਰਮੀਆਂ ॥ ਪੈਹਰਰਾਤਨੂੰਆਇ ਨਿਕਾਹ ਲੈਣਾਂ ਸੱਦਘਲਿਆ ਏਹ ਤਕਰਾਰ ਮੀਆਂ ॥ ਉੱਥੇ ਖੇੜਿਆਂ ਪ੍ਰਜ ਸਮਾਨ ਕੀਤੇਏਥੇ ਸਜਾਲਭੀ ਹੋਏਤੱਯਾਰਮੀਆਂ ॥ਵਾਰੇਸ਼ਾਹ ਸੂਝਾਲੜਾ ਨਾਲ ਹੋਯਾ ਹੱਥੀਂਤੀਰਤੇਨਾਲਤਲਵਾਰਮੀਆਂ ॥

॥ ਕਲਾਮ ਸ਼ਾਇਰ ॥

ਲਗੇ ਨੁਗਦੀਆਂ ਤੇ ਸ਼ਕਰਪਾਰੇ ਤਲੀਯਨ ਢੇਰ ਲਾ ਦਿੱਤੇ ਵਡੇਘੀਵਰਾਂਦੇ ॥ ਤਲੇਖ਼ੂਬ ਗੁਲਭਿਸਤਜਲੇਬ ਬੂੰਦੀਮਿੱਠੀ ਟਿੱਕੀਆਂ ਨੱਯੜੇ ਮੇਵਰਾਂਦੇ ॥ ਕਲਾਕੰਦ ਮਖਾਣਿਆਂ ਸ੍ਵਾਦ ਮਿੱਠੇ ਪਕਵਾਨ ਕੀਤੇਨਾਲ ਘੇਵਰਾਂਦੇ ॥ ਮੇਵੇ ਖੰਡ ਤੇ ਘਿਉ ਦੀਧਾਰਵਗਦੀ ਭਾਬੀਲਾਡਲੀ ਨਾਲਹੈਦੇਵਰਾਂਦੇ ॥ ਟਿੱਕਾ ਵਾਲੀਆਂ ਹੱਸਹਮੇਲਝਾਂਜਰ ਬਾਜੂਬੰਦਮਾਲਾਨਾਲਮੇਵਰਾਂਦ ॥ ਵਾਰਸ ਜੇਹੜੀ ਰਸਮਦੀ ਰਸਦ ਆਹੀ ਜਮਾਂਆਨ ਹੋਈ ਨਾਲ ਖੇਵਰਾਂ ਦੇ ॥

॥ ਪਕਵਾਨ ॥

ਅੰਦਰਸੇਕਚੌਰੀਆਂ ਲੁਚੀਵੜੇਮੇਵੇ ਖੰਡ ਤੇ ਖੁਰਮੀਆਂ ਖੋਸਿਆਂਦੇ।ਮਿਠੇਹੋਰਕੜ ਹਪਰਾਕੜੀਦੇਭਰੇਖ਼ੂਨ ਲੇਹੋਰਸਮੋਸਿਆਂ ਦੇ ॥ ਪੇੜੇ ਨਾਲਖਤਾਈਤੇਹੋਰਗੁਪਚੁਪਤੇਬੇਦਾਨਿਆਂ ਨਾਲ ਪਰੋਸਿਆਂਦੇ ॥ ਰਾਂਝਾ ਜੋੜਕੇਪਰੇ ਫਰਿਆਦ ਕਰਦਾ ਵੇਖੋ ਖਸਦੇ ਸਾਕਥੇਵੋਸਿਆਂਦੇ ॥ ਅਸੀਂ ਚੁਪ ਕਰਕੇ ਪਰੇਹੋ ਬੈਠੇ

ਵੱਸ ਚੱਲਦੇਨਹੀਂ ਹੁਨਰੋਸਿਆਂਦੇ ॥ ਵਾਰਸਸ਼ਾਹਨਸੀਬ ਜੋ
ਪੈਨ ਝੋਲੀ ਕੰਮ ਵਹਿਨ ਨਾਹੀਂਨਾਲ ਝੇਸਿਆਂਦੇ ॥

॥ ਰਾਹੀਆਂ ਨੂੰ ਤੁਆਮ ॥

ਵੰਡੇ ਮਾਸਚਾਵਲ ਨਾਲੇ ਦਹੀਂ ਧੱਗੜ ਹੁਮਾਹੀਆਂ ਪਾਲੀ
ਆਂ ਰਾਹੀਆਂਨੂੰ ॥ ਸੱਭੇਸਾਕ ਚੂਹੜੇ ਰੱਜ ਖਾਇ ਚੱਕੇਜੇਹੜੇ
ਸਮਝਦੇ ਵਾਹੀਆਂ ਗਾਹੀਆਂਨੂੰ ॥ ਕਾਮੇ ਚਾਕ ਚੋਬਰ ਸਣੇ
ਧੁੱਕੜਾਂ ਦੇ ਵਹੇ ਮੂਖ ਜਜੋਂ ਝਾੜ ਫੁਲਵਾਹੀਆਂ ਨੂੰ ॥ ਦਾਲ
ਸ਼ੂਰੂਆਰਸਾਤੇਮਾਸਮਿਠਾਮਛੇਡਮਢੇਲੀਕਿਜਰਨਾਈਆਂਨੂੰ ॥

॥ ਕਲਾਮ ਸ਼ਾਇਰ ॥

ਸਾਕ ਮਾੜਿਆਂਦੇ ਖੋਹਲੈਨਡਾਢੇ ਆਨਪੁਜਦੇਮੂਹੋਂ ਨ ਬੋਲਦੇ
ਨੀ ॥ ਸ਼ਾਨਦਾਰਾਂਨੂੰ ਕੋਈਨਾ ਕਰੇ ਝੂਠਾ ਤੇ ਕੰਗਾਲ ਝੂਠਾ
ਕਰ ਟੋਰਦੇਨੀ ॥ ਨਹੀਂ ਚੱਲਦਾ ਵੱਸ ਲਾਚਾਰਹੋਏਮੋਏ ਸੱਪ
ਵਾਂਗੂ ਵਿਸਘੋਲਦੇਨੀ ॥ ਕਦੇ ਆਖਦੇ ਮਾਰੀਏਆਪਮਰੀਏ
ਪਏਅੰਦਰੋਂ ਬਾਹਰੋਂਡੋਲਦਨੀ ॥ ਗੁਣ ਮਾੜਿਆਂ ਦੇ ਵਿੱਚ
ਰਹਿਣ ਸੱਭੇਮਾੜੇਮਾੜਿਆਂਦੇ ਦੁਖਫੋਲਦੇਨੀ ॥ ਵਾਰਸਸ਼ਾਹ
ਲੁਟਾਇਕੇ ਮੁੜੇਮਾੜੇ ਮਾਰੇ ਖ਼ੌਫ਼ਦੇ ਮੂੰਹੋਂ ਨਾ ਬੋਲਦੇ ਨੀ ॥

॥ ਤਾਰੀਫ਼ ਚਾਵਲਾਂ ਦੀ ॥

ਮੁਸ਼ਕੀਚਾਵਲਾਂਦੇਭਰੇਆਨਕੋਠੇ ਸੋਇਨਪਤ੍ਰੀਝੋਨੜੇ ਛੜੀਦੇ
ਨੀ ॥ ਬਾਸਮਤੀਮੁਸਾਫਰੀਬੇਗਮੀਸਨ ਹਰੀਚੰਦਤੇ ਜ਼ਰਦੀ-
ਏ ਧਰੀਦੇਨੀ ॥ ਸੱਠੀਕਰਚਕਾ ਕੁੰਡਲੇ ਭਿੜੀ ਜੀਭੇ ਸੂਰਜ

ਤੇਗੀਏ ਵਰਕ ਨੀ ਜੜੀਦੇਨੀ ॥ ਬਾਜ਼ੀਕ ਸੁਫੈਦ ਕਸ਼ਮੀਰ ਕਾਬਲ ਖੁਰਸ਼ਜੇਹੜੇਹੂਰ ਤੇ ਪਰੀਦੇਨੀ ॥ ਮਿਠੇ ਕਰ ਭਾਸਾਂ ਵਿੱਚ ਬੋਲਦੇ ਨੀ ਪ੍ਰਿਤ ।ਨਗਲ ਕੇਂ ਮਿੱਠੜਾ ਸਰੀਦੇ ਨੀ ॥ ਗੁਲੀਆਂ ਸੂਚੀਆਂ ਪੌਂਚੀਆਂ ਨਾਲ ਸੋਧਣ ਠਗ ਮੋਤੀ ਚੂਨੀ ਬੂਹੇ ਜੜੀਦੇ ਨੀ ॥ ਵਾਰਸਸ਼ਾਹ ਏਹ ਜ਼ੇਵਰਾਂ ਘੜਨਤਾਂਈਂ ਪਿੰਡ ਪਿੰਡ ਸੁਨਿਆਰੜੇ ਫੜੀਦੇ ਨੀ ॥

॥ ਹੀਰ ਦੇ ਗਹਿਣੇ ॥

ਕੰਗਨਨਾਲ ਜ਼ੰਜੀਰੀਆਂ ਪੰਜ ਮੁਨੀਆਂ ਹਾਰ ਨਾਲ ਲੂੰਗੇਰ ਪੁਰਾਇਓਨੇ ॥ ਤਰੱਗਾਨਾਲਕਪੂਰਾਂਦੇਜੁਵਸੁਚੇਡੋਰੀਪਾਉਂਦੇ ਗਜਰਿਆਂਛਾਇਓਨੇ ॥ ਪੌਂਚੀ ਚੌਕੀਆਂ ਨਾਲ ਹਮੇਲਮਾਲਾ ਮੋਹਨ ਬਿੱਛੂਏਨਾਲ ਘੜਾਇਓਨੇ ॥ ਸੋਹਣੀਅੱਲੀਆਂਨਾਲ ਪਾਜ਼ੇਬਪੱਖੇ ਘੁੱਘਰਾਲਦੇਘੁੰਘਰੂ ਲਾਇਓਨੇ ॥ ਗੋਰਖ ਧੰਦਾ ਅੰਗੂਠੀ ਤੇ ਚੌਪਕਲੀ ਕਾਨਫੂਲ ਤੇ ਹੱਸ ਬਣਾਇਓ ਨੇ ॥ ਵਾਰਸਸ਼ਾਹ ਗਹਿਣਾ ਠੀਕ ਭਾਰ ਆਹਾ ਸੋਈ ਖਰਚੇ ਦਾ ਪਵਾਇਓਨੇ ॥ ਸਕੰਦਰੀ ਨੇਵਰਾਂ ਬੀਰਬਲੀਆਂ ਪਿੱਪਲ ਵੱਤਰੇ ਝੁਮਕੇ ਸਾਰਿਓ ਨੇ ॥ ਹੱਸੰ ਕਿਰੀ ਛਣਕਦਾ ਨਾਲ ਬੰਦੀ ਬੱਧੀ ਵੇਲਿ ਮਿਆਨ ਪਸਾਰਿਓ ਨੇ ॥ ਚੰਦਨ ਹਾਰ ਲੂਲਾਂ ਟਿੱਕਾ ਨਾਲਬੀੜਾ ਮੱਥੇ ਜੁਗਨੀ ਚਾ ਸਵਾਰਿਓ ਨੇ ॥ ਬਾਰਾਂ ਚੂੜੀਆਂ ਮੁਸ਼ਕ ਬਲਾਈਆਂ ਨੀ ਨੱਥਐਰਨੀਮੱਛਲੀ ਸਾਰਿਓਨੇ ॥

## ॥ ਹੀਰ ਦਾ ਦਾਜ ॥

ਦਾਜ ਸੀਉਂ ਕੇ ਵਿੱਚ ਸੰਦੂਕ ਪਾਯਾ ਦਸੋਕੀਕੀ ਦਾਜ ਰੰਗਾਇਓ
ਨੇ ॥ ਚੰਦ ਆਰਸੀ ਨਾਲ ਅੰਗੂਠਿਆਂ ਦੇ ਛੱਲੇ ਹੋਰ ਤਵੀਤੜੀ
ਪਾਇਓਨੇ ॥ ਦੇਸ ਦੇਸ ਦੇ ਕੱਪੜੇ ਸਿਫ਼ਤ ਲਾਇਕ ਗਹਿਣੇ
ਸ਼ਾਦੇ ਜੜਾਊ ਮੰਗਾਇਓਨੇ ॥ ਵਾਰਸ ਸ਼ਾਹ ਮੀਆਂ ਅਸਲ ਦਾਜ
ਰਾਂਝਾ ਇਕ ਓਹ ਬਦਰੰਗ ਕਰਾਇਓ ਨੇ ॥

## ॥ ਹੀਰ ਦੇ ਕੱਪੜਿਆਂ ਦੇ ਨਾਮ ॥

ਲਾਲ਼ ਪੱਟੀਆਂ ਲੂੰਗੀਆਂ ਤਹਮਤਾਂ ਨੀ ਚਿਕਨ ਰੇਸ਼ਮੀ ਲਾਲ
ਫੁਲਕਾਰੀਆਂ ਨੀ ॥ ਮਾਂਗ ਚੂੜਾ ਪਟਾਕਲਾਂ ਛੇਰੀਏ ਸਨ
ਬੂੰਦਾਂ ਊਦ ਸਾਹੀਆਂ ਪੰਜਤਾਰੀਆਂ ਨੀ ॥ ਛੇਪ ਛਾਇਲਾਂ ਤੇ
ਨਾਲ ਚਾਸਕੂ ਭੀ ਚੰਦਾ ਮੋਰਾਂ ਤੇ ਬਾਨੂਹੂ ਵਾਰੀਆਂ ਨੀ ॥ ਸਾਲੂ
ਤੇਹਰੇ ਚਾਦਰਾਂ ਬਾਫ਼ਤੇ ਦੀਆਂ ਨਾਲ ਬੋਛਨਾਂ ਦੇ ਫੁਲਕਾਰੀਆਂ
ਨੀ ॥ ਵਾਰਸ ਸ਼ਾਹ ਚਿਕਨੀ ਸਿਰੋਪਾਉ ਖ਼ਾਸੇ ਤੇ ਪੁਸ਼ਾਕੀਆਂ ਮਿਲ
ਦੀਆਂ ਭਾਰੀਆਂ ਨੀ ॥ ਲਾਲ ਪੁਗਾਰੇ ਕਾਢਵੇਂ ਨਾਲ ਮਸਰੂ ਮੁਸ਼ਕੀ
ਪੱਗਦੇ ਨਾਲ ਦੁਸ਼ਾਲੜੇ ਨੀ ॥ ਦਰਿਆਈ ਦੀਆਂ ਚੋਲੀਆਂ
ਨਾਲ ਛੁੱਮਣ ਕੀਮਖ਼ਾਬ ਤੇ ਚੂਨੀਆਂ ਨੀਲੜੇ ਨੀ ॥ ਫੇਕ ਫੰਦ
ਤੇ ਅੰਬਰੀ ਬਾਦਲਾ ਸੀ ਜ਼ਰੀਦਾਰ ਜੋਤਾਰ ਰਸੀਲੜੇ ਨੀ ॥
ਕਾਰ ਖਾਨੀਏ ਡੋਰੀਏ ਮਖਮਲਾਂ ਨੀ ਚੋਪ ਛਾਇਲਾਂ ਬੈਨਤ
ਸੋਚੀਲੜੇ ਨੀ ॥ ਇਕ ਜਾਲੀ ਤੇ ਛਿੰਮੀਆਂ ਓਢਣੀਆਂ ਸਨ
ਸਿਰੀ ਸਾਫ ਤੇ ਅਤਰ ਰਸੀਲੜੇ ਨੀ ॥ ਵਾਰਸ ਸ਼ਾਹ ਇਹੁ

ਓਢਣੇ ਹੀਰ ਰਾਂਝਾ ਸੁਕ ਤੀਲੜੇ ਤੇ ਬੂਰੇ ਪੀਲੜੇ ਨੀ ॥

॥ ਹੀਰ ਦੇ ਦਾਜ ਦੇ ਭਾਂਡੇ ॥

ਸੁਰਮੇਦਾਨੀਆਂ ਥਾਲੀਆਂ ਥਾਲ ਛੰਨੇ ਲੋਹ ਕੜਛ ਤੇਨਾਲ ਕੜਾਹੀਆਂ ਦੇ ॥ ਕੌਲ ਨਾਲ ਬਹੁਗੁਣੇ ਤੇ ਤਬਲਬਾਜ਼ਾਂ ਤੇ ਰਕੇਬੀਆਂ ਪ੍ਰਾਤ ਪ੍ਰਵਾਹੀਆਂ ਦੇ ॥ ਚਮਚੂ ਬੇਲੂਏ ਦੇਗਚੇ ਰੋਹਣੀਆਂ ਨੀ ਨਾਲ ਖੂਨਚੇ ਤੇ ਹਮਰਾਹੀਆਂਦੇ॥ਪੱਟ ਅਤੇ ਪਟੀਹਰ ਦਾਜ ਰੱਤੇ ਜਿਗਰ ਪਾਟਗਏ ਦੇਖ ਰਾਹੀਆਂਦੇ ॥ ਘੁਮਿਆਰਾਂਨੇ ਮੱਟਾਂ ਦੇਢੇਰ ਲਾਏ ਹੁਕੇ ਬਹੁਤਖਾਲਨਨਾਲ ਕਾਹੀਆਂਦੇ ॥ ਦੇਗਾਂ ਖਿੱਚਦੇਘੱਤ ਜੰਜੀਰ ਰੱਸੇਤੋਪਾਂ ਖਿੱਚਦੇ ਕਟਕ ਸਪਾਹੀਆਂ ਦੇ ॥ ਵਾਰਸਸ਼ਾਹ ਮੀਆਂ ਚਾ ਵਿਆਹਦਾ ਸੀ ਸੁੰਞੇ ਵਿਹਨ ਮੰਗੂ ਖੰਧੇ ਮਾਹੀਆਂ ਦੇ ॥

॥ ਵਿਆਹ ਦਾ ਮੇਲ ॥

ਚਾਰਾਂ ਖੂਬਾਂਦੀਆਂ ਮੇਲਦੇ ਮੇਲ ਆਏ ਹੂਰਾਂ ਪਰੀਦੀ ਹੋਸ਼ ਗਵਾਂਦੀਆਂ ਨੀ ॥ਲੱਖਾਂਜੱਟੀਆਂ ਮੁਸ਼ਕ ਪਲੱਟੀਆਂਨੀ ਅਤੇ ਪਦਮਣੀਆਂਵਾਂਗ ਸੁਹਾਂਦੀਆਂਨੀ॥ਬਾਰਾਂਜ਼ਾਤਤੇਸੱਤ ਸਨਾਤ ਢੁਕੇ ਰੰਗ ਰੰਗਦੀਆਂ ਮੂਰਤਾਂਆਂਦੀਆਂਨੀ ॥ਉਤੇਤੋਛਨਸਨ ਪੰਜਤੋਂਬੀਏ ਦੇ ਅਤੇ ਲੂੰਗੀਆਂ ਤੇੜ ਚੜ੍ਹਾਂਦੀਆਂ ਨੀ ॥ ਲੱਖ ਸਿਠਣੀਆਂ ਦੇਨ ਤੇ ਲੈਨਗਾਲੀਂ ਤੇਵਿਆਹਦੇ ਸੋਹਲੇ ਗਾਂਦੀਆਂਨੀ ॥ਪਰੀਜ਼ਾਦ ਜਟੇਟੀਆਂ ਨੈਣਖੂਨੀ ਨਾਲਹੇਕ ਮਹੀਨ ਅਲਾਂਦੀਆਂਨੀ ॥ ਇਕ ਖੋਲ੍ਹਕੇ ਝੁਕਲਾਂ ਕਢਛਾਤੀ

ਉਪਰਵਾੜਿਓਂ ਝਾਤੀਆਂ ਪਾਂਦੀਆਂ ਨੀ॥ ਅਮਰ ਪੁਰੀ ਦੇ ਕਿੰਨਰ ਜੱਛ ਥੋਰੇ ਭਰਮ ਦੇ ਉਤਰ ਜਾਂਦੇ ਤਨ ਲਾਂਦੀਆਂ ਨੀ॥ ਨਾਲ ਆਰਸੀ ਮੁੱਖੜਾ ਵੇਖ ਸੁੰਦਰ ਕੋਲ ਆਸ਼ਕਾਂ ਨੂੰ ਭਰਮਾਂਦੀਆਂ ਨੀ॥ ਇਕ ਵਾਂਗ ਬਬਰ ਮਾਤੀਆਂ ਕਵਲਾਟੂ ਵੀਰਾਰਾਂ ਧਣੀ ਨਾਛ ਦਿਖਾਂਦੀਆਂ ਨੀ॥ ਇਕ ਤੌੜੀਆਂ ਮਾਰਕੇ ਨਚਦੀਆਂ ਨੀ ਇਕ ਘੋੜੀਆਂ ਗਾਂਵੀਆਂ ਆਂਦੀਆਂ ਨੀ॥ ਇਕ ਆਖਦੀਆਂ ਮੋਰ ਨਾ ਮਾਰ ਮੇਰਾ ਇਕ ਵਿਚ ਮਮੋਲ । ਗਾਂਦੀਆਂ ਨੀ॥ ਵਾਰਸ ਸ਼ਾਹ ਜਿਉਂ ਸ਼ੇਰ ਗੜ੍ਹ ਪਟਨ ਮੱਕੇ ਲੱਖ ਸੰਗਤਾਂ ਜ਼ਿਆਰਤੀ ਆਂਦੀਆਂ ਨੀ॥

॥ ਕਲਾਮ ਸ਼ਾਇਰ ॥

ਜਜੋਂ ਲੋਕ ਨਗਾਹੇ ਤੇ ਤੁਰਨ ਥੰਮੁਣ ਢੋਲ ਵਜਦੇ ਤੇ ਰੰਗ ਲਾਂਦੀਆਂ ਨੀ॥ ਭੜਬੂ ਮਾਰਕੇ ਵੂਮਨੀਆਂ ਘੱਦੀਆਂ ਨੀ ਇਕ ਆਂਦੀਆਂ ਤੇ ਇਕ ਜਾਂਦੀਆਂ ਨੀ॥ ਜੇਹੜੀਆਂ ਸਿਦਕ ਦੇ ਨਾਲ ਆਉਂਦੀਆਂ ਨੇ ਕਦਮ ਚੁੱਮ ਮੁਰਾਦ ਸਭ ਪਾਂਦੀਆਂ ਨੀ॥ ਵਾਰਸ ਸ਼ਾਹ ਦਾ ਚੂਰਮਾਂ ਕੁਟਕੇ ਤੇ ਫ਼ਤੇ ਆਖਕੇ ਵੰਡਦੀਆਂ ਖਾਂਦੀਆਂ ਨੀ॥

॥ ਮੁਜਰੇ ਤਾਇਫ਼ੇ ॥

ਢਾਢੀ ਭਗਤੀਏ ਕੰਜਰੀਆਂ ਨਕਲੀਏ ਸਨ ਡੂਮ ਅਤੇ ਸਰੋਦ ਵਜਾਇਕੇ ਜੀ॥ ਕਸ਼ਮੀਰੀ ਤੇ ਦਖਣੀ ਨਾਲ ਵਾਜੇ ਭੇਰੀ ਤੂਤੀਆਂ ਛੈਣੇ ਛਣਕਾਇਕੇ ਜੀ॥ ਰਲੂ ਘੋੜੀਆਂ ਖੇੜਿਆਂ ਜੋੜ ਫੇਰੀ ਰਲੂ ਗੱਡਰੂ ਜੋੜ ਢਬਾਇਕੇ ਜੀ॥ ਕੇਸਰ ਭਿੰਨੜੇ ਪੱਗਾਂ ਦੇ ਪੇਚ

ਰੇਵੇਂ ਵਿੱਚ ਕਲਗੀਆਂ ਜਿਗਾ ਟਿਕਾਇਕੇ ਜੀ ॥ ਘੋੜੇ ਪਾਖਰਾਂ
ਸੋਨੇ ਦੀਆਂ ਸਾਖਤਾਂ ਨੀ ਚੌਰ ਫੂਲ ਹਮੇਲ ਲਟਕਾਇਕੇ ਜੀ ॥
ਕਾਠੀਆਂ ਸੁਰਖ ਬਨਾਤ ਦੀਆਂ ਹੱਥ ਨੇਜੇ ਦਾਰੂ ਪੀਂਵਦੇ ਮ੍ਰਿਗਾਂ
ਵਲਾਇਕੇ ਜੀ ॥ ਫੁੱਲਾਂ ਸੇਹਰੇ ਤੁਰਰਿਆਂ ਨਾਲ ਲਟਕਨ ਦੇਕੇ
ਦੇਂਦੇ ਨੀ ਲੱਖ ਲੁਟਾਇਕੇ ਜੀ ॥ ਵਾਰਸ ਸ਼ਾਹ ਦੇ ਸੀਸ ਤੇ
ਮੁਕਟ ਬੱਧਾ ਸੋਇਨ ਸੇਹਰੇ ਖੂਬ ਲਟਕਾਇਕੇ ਜੀ ॥

॥ ਜੰਵ ਚੜ੍ਹੀ ਖੇੜਿਆਂ ਤੋਂ ॥

ਚੜ੍ਹੀ ਰੰਗ ਪੁਰੋਂ ਜੰਵ ਖੇੜਿਆਂ ਦੀ ਢੁੱਕੀ ਸ਼ਹਿਰ ਸਿਆਲਾਂ ਦੇ
ਆਇ ਮੀਆਂ ॥ ਲਾਗੀ ਲੱਖ ਕੁਸ਼ਾਮਤੀ ਆਨ ਲੱਥੇ ਹੱਥੀਂ ਦਿੱਤੇ
ਨੀ ਤੋੜੇ ਫੜਾਇ ਮੀਆਂ ॥ ਭੂਰੇ ਘੱਤਕੇ ਸਭਾ ਦੇ ਵਿਚ ਬੈਠੇ
ਜੋੜੇ ਝਾਂਝੀਆਂ ਦੇਖ ਲੋਆਇ ਮੀਆਂ ॥ ਵਾਰਸ ਸ਼ਾਹ ਢਾਡੀ ਚੰਗੇ
ਗਾਂਵਦੇ ਨੀ ਕੀਤੀ ਖੇੜਿਆਂ ਨੇਕ ਸਲਾਹ ਮੀਆਂ ॥ ਨਾਈ
ਚਾਇਕੇ ਥਾਲ ਪਤਾਸਿਆਂ ਦਾ ਧਰਿਆ ਖੇੜਿਆਂ ਦੇ ਅੱਗੇ ਆਇ
ਮੀਆਂ ॥ ਪੰਜ ਰੋਕ ਰੁਪਯੇ ਤੇ ਇਕ ਲੂੰਗੀ ਦਿੱਤੀ ਖੇੜਿਆਂ ਨੇ
ਸਿਰੋਪਾਉ ਮੀਆਂ ॥ ਕੁੜਮ ਮਿਲਨੀ ਕਰਕੇ ਫੇਰ ਪਿਛਾਂ ਵੱਲੋ
ਨੀਂਗਰ ਘੋੜੀ ਤੇ ਲਿਆ ਚੜ੍ਹਾਇ ਮੀਆਂ ॥ ਵਾਰਸ ਸ਼ਾਹ ਸਰ
ਬ ਲੂੰਤਾ ਮਗਰ ਚੜ੍ਹਿਆ ਰੰਮਕ ਰੇਤਾ ਉੱਚੇ ਖੁਦਾਇ ਮੀਆਂ ॥

॥ ਤਾਰੀਫ਼ ਬਰਾਤ ॥

ਆਤਸ਼ ਬਾਜ਼ੀਆਂ ਛੁਟੀਆਂ ਫੂਲ ਝੜੀਆਂ ਨਾਲ ਛੁਟੀਆਂ ਬਾਗ
ਹਵਾ ਮੀਆਂ ॥ ਹਾਥੀ ਹਰਨ ਤੇ ਚਰਖੀਆਂ ਝਾੜ ਛੁੱਟੇ ਤੋੜ

ਤਾੜ ਪਟਾਕੀਆਂ ਪਾਇ ਮੀਆਂ॥ ਸਾਵਕ ਭਾਏਂ ਗੁਮਾਇਆਂ
ਲਾਹ ਕਹਿਕੇ ਇੰਙ ਭੂਹੀਆਂ ਵੀ ਕਰੇ ਚਾਇ ਮੀਆਂ॥
ਮਾਹਤਾਬੀਆਂ ਛੋੜਕੇ ਭਾਵਰਾਂ ਨੀ ਦੇਵਨ ਚਕੀਆਂ ਵਿਚ ਬਾਹਜਾਊ
ਮੀਆਂ॥ ਜਾਂਵੀ ਕਮਰਾ ਕੱਸਕੇ ਆਣ ਖਲੇ ਭਵੇਂ ਭੇਲੀਆਂ
ਆਨ ਮਸਾਲ ਫੜੀ॥ ਲੱਖ ਲੱਖ ਸ਼ੁਕਰਾਨੇ ਗੁਜ਼ਾਰਦੇ ਨੀ
ਜਦੋਂ ਜੰਞ ਦਰਵਾਜ਼ੇਤੇ ਆਨਵੜੀ॥ ਭਾਈ ਸਿਆਲਾਂ ਦੇਦੇਖਕੇ
ਖੁਸ਼ੀ ਹੋਏ ਕੰਨੀ ਬੂੰਦੇ ਤੇ ਸੋਹਿੰਦੇ ਦਸਤ ਕੜੀ॥ ਵਾਰਿਸ਼ਾਹ
ਕੀ ਝੁਰਦੇਓ ਹੀਰ ਤਾਈਂ ਦੂਜੀ ਇਕਤੋਂ ਚੰਗੀ ਹੈ ਹੀਰ ਖਰੀ॥

॥ ਜਨਾਞਤ ਖੇਡਿਆਂ ॥

ਕਾਮਨ ਪਾਇਕੇ ਡੂਮਣੀ ਛੰਦ ਆਖੇ ਦੇਵੇ ਸਿੱਠਨੀਆਂ ਤੇ ਸਾਰੇ
ਹੱਸਦੇ ਨੀ॥ ਵੇਲਾਂ ਦੇਣ ਅਣਮੂਹੀਆਂ ਜਾ ਸੁੱਧ ਕਾਈ ਖੇਡੇ
ਜੱਟ ਵੱਡੇ ਉਚੀ ਪਤਦੇ ਨੀ॥ ਆਓ ਖੇਡਿਓ ਬੈਠਕੇ ਖਾਹੁ
ਖਾਣਾ ਅੱਗੇ ਸਿਆਲ ਪਏ ਖੱਸੜ ਵਟਦੇ ਨੀ॥ ਫਿਰ ਚਾਏ
ਪਰੀਰੇ ਵਿਚ ਖੇਡਿਆਂ ਦੇ ਜਾਇ ਬਾਲੀਆਂ ਨੂੰ ਅੱਗੇ ਰਮਦੇ ਨੀ
॥ ਘਿਓ ਖੰਡ ਤੇ ਸ਼ੱਕਰ ਦਾ ਅੰਤ ਨਾਹੀਂ ਓਥੇ ਚਾਵਲਾਂ ਅੰਤ
ਨਾ ਘੱਤਦੇ ਨੀ॥ ਵਾਰਸਸ਼ਾਹ ਮੀਆਂ ਖੇਡੇ ਖਾਇ ਖਾਣਾਂ ਬਹੁਤ
ਖੁਸ਼ੀ ਹੋਏ ਢੂਹਕ ਜੱਟਦੇ ਨੀ॥

॥ ਖਾਣਿਆਂ ਦੇ ਨਾਉਂ ॥

ਮੰਡੇ ਮਾਸ ਚਾਵਲ ਨਾਲ ਦਹੀ ਧੱਕੜ ਏਹ ਤਾਂ ਦਾਗੀਆਂ ਪਾਲੀਆਂ

ਮਾਹੀਆਂ ਨੂੰ॥ਸੱਭੇ ਭੂਹਣੇ ਚੱਪੜੇ ਰੱਜਰਹੇ ਸਾਂਭਛੱਡਦੇਜੇਹੜੇ
ਵਾਹੀਆਂ ਨੂੰ॥ ਦਾਲ ਮੰਡੇ ਅਤੇ ਘਿਉ ਮਿਠਾ ਸ਼ੋਰਾ ਏਹ ਭੀ
ਕੇਜਰਾਂਢੋਲੀਆਂ ਨਾਈਆਂ ਨੂੰ॥ ਵਾਰਸਸ਼ਾਹਲਾਗੀ ਸੱਭਰੱਜ
ਰਹੇ ਚਾਹਨ ਲਗੇ ਨੀ ਅੱਕ ਫੁਲਾਹੀਆਂ ਨੂੰ॥

## ॥ ਕਲਾਮ ਸ਼ਾਇਰ ॥

ਮੇਲਜੋੜਕੇ ਸਜਾਲੀਆਂ ਜੰਞਵਲਜਾਈਆਂ ਲਗੀਆਂਸੇਨਸੁਖਤੇ
ਕਰਾਉਂਦੇ ਨੂੰ ॥ ਘੱਤ ਸੁਰਮ ਸਲਾਈ ਤੇ ਦੈਨ ਗਾਲੀਂ ਤੇ
ਖੜਕਨੇ ਨਾਲ ਖੜਾਵਨੇਨੂੰ॥ ਆਓ ਬੈਠ ਖੜੁਕਣੇ ਖੇਡਮੱਲਾ
ਜੋ ਸਫ਼ੀਲ ਫ਼ਲੂਸ ਜਗਾਉਂਦੇ ਨੂੰ ॥ ਬੰਨ੍ਹ ਤੀਲੀਆਂ ਤਿੜੀ
ਵਿਚ ਬਾਲਦੀਵਾ ਆਈਆਂ ਨੌਸ਼ਹੁਦੀ ਨਜ਼ਰ ਟਿਕਾਵਣੇਨੂੰ॥
ਕਾਈ ਆਖਦੀ ਅੰਮਾ ਉਧਾਲਿਆ ਵੇ ਨਿਕੀ ਆਂਦੀਊ ਨਾਲ
ਫਹਾਵਣੇਨੂੰ॥ ਤੇਰੇਨਿਕੇ ਸਰਬਾਲੇ ਦੀ ਅੰਮਾਂਚੋਦੀ ਸਦਉਸ
ਨੂੰ ਕੋਲ ਬਹਾਵਣੇਨੂੰ ॥ ਕਾਈ ਦੇਇ ਗੁਲਥਾਤੇ ਦੇਇ ਛਿੱਥੀ
ਇਕਝਿੜਕਦੀਦੂਜੀਹਟਾਵਣੇਨੂੰਇਕਹਸਦੀਆਂਖਹਿੰਦੀਆਂ
ਦੇਨਮੋਸਾਂ ਪਾਸ ਬਹਿੰਦੀਆਂ ਲਾਡ ਲੜਾਵਣੇਨੂੰ॥ਛਿਨਾਬਾਲ
ਦੇ ਵਿਚ ਚਾ ਰਖਿਆਈ ਪਕੜ ਜੋਰ ਦੇ ਨਾਲਪਟਾਵਣੇਨੂੰ॥
ਦੇਈਂ ਤੁਰਤ ਹਿਸਾਬ ਸ਼ਿਤਾਬ ਸਾਨੂੰ ਕਢ ਪੀਹਨਾ ਵਿੱਲਕੀ
ਲਾਵਣੇਨੂੰ ॥ ਮਉਲੀ ਨਾਲ ਚਾ ਕਢਿਆ ਗੱਭਰੂ ਨੂੰ ਗੁੜ
ਲਾਗੀਆਂ ਆਨ ਖਵਾਵਣੇਨੂੰ॥ਭਰੀ ਘੜੀ ਘੜੋਲੀ ਤੇ ਕੁੜੀ
ਨਾਤੀ ਆਈਆਂ ਫੇਰ ਨਿਕਾਹ ਪੜ੍ਹਾਵਨੇ ਨੂੰ ॥

॥ ਸਾਲੀਆਂ ਕਹਿੰਦੀਆਂ ਸੈਦੇ ਨੂੰ ॥

ਬੈਠਮੰਗਦੀਆਂਸਾਲੀਆਂਰੀਚੀ ਛੱਲਾ ਦੁਧ ਦੇਹ ਅਨਧੱਧੜੀ
ਚਿੜੀ ਦਾ ਵੇ ॥ ਦੁਧ ਦੇਹ ਗੁਹੀਰੇ ਦਾ ਚੋਇ ਜੱਟਾ ਵੇਈਂ
ਝੱਕਣਾ ਖੰਡ ਦੀ ਪਿੜੀ ਦਾ ਵੇ ॥ ਲੌਂਗਾਂ ਮੁੰਜਰੀਦੇਵਿੱਚਕੁੱਟ
ਕਰਦੇ ਹੱਸ ਲਾਹਿਦੇ ਕਵਾਰੜੀ ਕੁੜੀਦਾ ਵੇ ॥ ਬਿਨਾਂਬਲਦਾਂ
ਦੇ ਖੂਹ ਦੇਹ ਗੇੜ ਸਾਨੂੰ ਦੇਖਾਂ ਕੀਕਰੂੰ ਓਹਭੀ ਗਿੜੀਦਾ ਵੇ ॥
ਇਕ ਮੂਣਸ ਕਸੀਰੇ ਦਾ ਪਲੀ ਮੰਗੇ ਹਾਥੀਪਾਇ ਕੁਜੀ ਕੀਹੂੰ
ਫੜੀਦਾਵੇ॥ਤੰਬੂਤਾਂਨ ਦੇਹਖਾਂ ਸਾਨੂੰ ਬਾਝ ਥੰਮਾਂ ਪੌਂਦਾ ਦੇਹਖਾਂ
ਸੋਨੇ ਦੀ ਚਿੜੀ ਦਾ ਵੇ ॥ ਸਾਡੇ ਪਿੰਡ ਦੇ ਚਾਕ ਨੂੰ ਦੇਹ ਅੰਮਾਂ
ਲੇਖਾ ਨਾਲ ਤੇਰੇ ਏਵੇਂ ਭਿੜੀ ਦਾ ਵੇ ॥ ਵਾਰੇਸ਼ਾਹ ਜੀਆ
ਖਿੜਿਆ ਵਾਂਗ ਫੁਲਾਂ ਜਿਵੇਂ ਫੁਲ ਗੁਲਾਬਦਾ ਖਿੜੀਦਾ ਵੇ ॥

॥ ਜਵਾਬ ਸੈਦਾ ਖੇੜਾ ॥

ਅਨੀ ਸੋਹਣੀਏਂ ਛੈਲ ਮਲੂਕ ਕੁੜੀਏ ਸਾਥੋਂ ਏਤਨਾ ਝੇੜਾ ਨਾ
ਝਿੜੀ ਦਾ ਨੀ ॥ ਤਿੰਨਸੈ ਸੱਠ ਦੇ ਵਿਚਬਲਕੈਸ ਰਾਣੀ ਆਹ
ਲੈ ਕੀਕੀ ਛੱਲਾ ਉਸਦੀ ਪਿੜੀ ਦਾ ਨੀ ॥ ਚੜ੍ਹਿਆ ਸਾਵਣ
ਬਾਗ਼ ਬਹਾਰ ਹੋਈ ਦੱਭ ਕਾਹ ਸਰੱਕੜਾ ਖਿੜੀਦਾ ਨੀ ॥ ਪੈਰ
ਪਾਇ ਵੰਗਾਂਦੇਹਣੀਪੂਰਦਿਤੀਏਹਲੈ ਦੁੱਧਅਨਧੱਧੜੀਭਿੜੀ
ਦਾ ਨੀ ॥ ਚੰਨਾ ਕੰਞਣੀ ਰੋਗ ਮਮੋਲਿਆਂ ਦਾ ਜੇਹੜਾ ਨਿਤ
ਘੁਮਜਾਰਾਂਦੇਛੜੀਦਾਨੀ॥ਦੁਧਲਿਆਗੁਹੀਰੇਦਾ ਇਅੜੀਏ
ਲੈਕੇ ਪੀਉ ਜੇ ਬਾਪ ਨਾ ਲੜੀਗਾ ਨੀ ॥ ਸੂਹੇ ਸਾਵਿਆਂਨਾਲ

ਬਹਾਰ ਤੇਰੀ ਮੁਸ਼ਕ ਆਂਵਦਾ ਲੈਂ ਗਾਂਦੀ ਪੁੜੀਦਾ ਨੀ॥ ਰੰਗ ਪੁੜੀ
ਦੀ ਦੱਖਣਾ ਵਿਆਂ ਤੈਨੂੰ ਟਿੱਕਾ ਲਾਇ ਲੈ ਵਿਚਹੂ ਧੜੀਦਾ ਨੀ॥
ਡਾਲ ਚੱਲਨ ਮੁਰਗਾਬੀਆਂ ਤੁਰਨ ਤਾਰੀ ਬੋਲਿਆਂ ਫੁਲ ਗੁਲਾਬ
ਦਾ ਖਿੜੀਦਾ ਨੀ॥ ਨਦੀ ਵਿੱਚ ਵੱਸਨ ਲੋਕ ਟੋਕ ਕੁੜੀਏ ਮੰਜਾ
ਸੋਨੂੰ ਕੌਣ ਲੈ ਵੜੀਗਾ ਨੀ॥ ਹੱਥੀਂ ਆਪਣੀ ਪਾਇ ਸਵਾਲ
ਲੈ ਤੂੰ ਇਹ ਪ੍ਰਿਤ ਫੱਲਾ ਸਾਥੋਂ ਖੜੀਗਾ ਨੀ॥ ਇੱਕ ਗੱਲ ਆਈ
ਭਲੀ ਯਾਦ ਮੇਰੇ ਰੋਟ ਸੁੱਖਿਆ ਪੀਰ ਦਾ ਧੜੀਦਾ ਨੀ॥ ਬਾਝ
ਬਲਦਾਂ ਦੇ ਖੂਹ ਭਜਾ ਦਿਤਾ ਔੜਾ ਖੜਕਦਾ ਕਾਠ ਦੀ ਕਿੜੀ ਦਾ
ਨੀ॥ ਝੱਬ ਨ੍ਹਾਇ ਲੈ ਬੁਕ ਤੂੰ ਛੈਲ ਕੁੜੀਏ ਚੱਕ ਖੂਹ ਦਾ ਨਾਲ
ਲੈ ਗਿੜੀਗਾ ਨੀ॥ ਹੋਰ ਕੌਣ ਹੈਨੀ ਜੇੜ੍ਹੀ ਮੁਣਸ ਮੰਗੇ ਦਿਆਂ
ਮੁਨਸ ਤੈਨੂੰ ਜੋਰ ਜੁੜੀਗਾ ਨੀ॥ ਅਸੀ ਭਾਲਕ ਮੀਰੇ ਦਾ ਮੁਣਸ
ਆਂਦਾ ਜੇਹੜਾ ਟੱਪ ਤੇਰੇ ਉਤੇ ਚੜ੍ਹੀਗਾ ਨੀ॥ ਜੋੜੀ ਹਾਥੀਆਂ
ਦੀ ਕੱਲੇ ਵਿੱਚ ਕੁੱਜੇ ਏਹੁ ਵੇਖ ਭਿੜਾਂ ਇੰਦਾ ਭਿੜੀਗਾ ਨੀ॥ ਆਉ
ਤਹੀਂ ਕੁਆਰੀਏ ਕੇਜ ਕੁੜੀਏ ਜੱਫਾ ਪਾਇ ਨਾ ਕੰਦ ਦੀ ਜੜੀਦਾ
ਨੀ॥ ਟੀਪੋ ਵਾਪ ਰਲਾਏ ਨੀ ਸਾਜ ਸੱਭੇ ਮੇਲਾ ਵੇਖ ਲੈ ਧੋਂਕਲ
ਧੜੀਦਾ ਨੀ॥ ਸੁਰਮਾ ਸੁਰਖ਼ੀਆਂ ਲੋੜ੍ਹ ਦੇਂਦਾ ਸਫੇਦਾ ਸੀਸਾ
ਸਾਰ ਸੀ ਆਰਸੀ ਜੜੀਦਾ ਨੀ॥ ਚੋਲੀ ਮੁਸ਼ਕ ਅਹਿਪਾਇ
ਲੈ ਪ੍ਰਿਤ ਝੱਗਾ ਮੁਸ਼ਕ ਸਭ ਸਰੀਰ ਵਿਚ ਵੜੀਗਾ ਨੀ॥ ਇਕ
ਮੈਂ ਗਿਆਣੀ ਅਣਹੋਂਦ ਕੁੜੀਏ ਮੰਜਾ ਸੋਨੇ ਦਾ ਕਿਤੇ ਨਾ ਘੜੀਦਾ
ਨੀ॥ ਸਾਰਾ ਭਾ ਕੇ ਮੁਲਖ ਜਹਾਨ ਆਂਦਾ ਆਹਲੈ ਸਾੜਿਆਂ

ਮੂਲ ਨਾ ਸਜ਼ੀਗਾਨੀ॥ਇਕ ਛਾਬਦੀ ਬੈਨਤੇ ਤੁਸੀ ਸੱਦੇ ਘਰੋਂ ਨਾਲ ਮੇਰੇ ਜੋੜ ਜੁੜੀਗਾ ਨੀ॥ ਵਾਰਸਸ਼ਾਹ ਕਾਨੂੰ ਘੇਰਾ ਘੱਤਿਓ ਨੇ ਜਿਉਂ ਬੰਦ ਪਰਵਾਰ ਵਿਚ ਵੜੀਗਾ ਨੀ॥

॥ ਕਾਜ਼ੀ ਆਇਆ ਵਾਸਤੇ ਨਿਕਾਹ ਦੇ ॥

ਕਾਜ਼ੀ ਸੱਦਿਆ ਪੜ੍ਹਨ ਨਿਕਾਹ ਨੂੰ ਜੀ ਹੀਰ ਵਿੱਚ ਰਬ ਬੈਠੀ ਨਹੀਂ ਬੋਲਦੀ ਹੈ॥ਨਿਜ਼ਾ ਵਕਤ ਸ਼ਿਤਾਬ ਭੂੰਦੇਹ ਪਾਣੀ ਪਈ ਜਾਨ ਫ਼ਕੀਰ ਦੀ ਡੋਲਦੀ ਹੈ॥ਮੈਂ ਤਾਂ ਮੰਗ ਰੰਝੇਟੇ ਦੀ ਹੋਇ ਰਹੀ ਮਹਿਰ ਮਾਉਂ ਕਜੋਂ ਕੁਫ਼ਰ ਨੂੰ ਤੋਲਦੀ ਹੈ॥ਅਸਾਂ ਮੰਗ ਦਰ-ਗਾਹ ਥੋਂ ਲਿਆ ਰਾਂਝਾ ਸਿਦਕ ਸੱਚ ਜ਼ੁਬਾਨ ਤੋਂ ਬੋਲਦੀ ਹੈ॥

॥ ਕਲਾਮ ਹੀਰ ॥

ਅਸਾਂ ਜਾਨ ਰੰਝੇਟੇ ਦੇ ਪੇਸ਼ ਕੀਤੀ ਲੱਖ ਖੇੜਿਆਂ ਨੂੰ ਵਾਰ ਘੋਲਦੀ ਹੈ॥ਮੱਖਣ ਜਾਨ ਰੰਝੇਟੇ ਨੂੰ ਦੇ ਚੁੱਕੀ ਸੁੰਞੀ ਮਾਉਂ ਕਿਉਂ ਛਾਹ ਨੂੰ ਰੋਲਦੀ ਹੈ॥ ਨਿਆਜ਼ ਵਕਤ ਸ਼ਤਾਨ ਜਜੋਂ ਦੇਇ ਗਾਲੀਂ ਪਈ ਜਾਨ ਗ਼ਰੀਬ ਦੀ ਡੋਲਦੀ ਹੈ॥ਵਾਰਸਸ਼ਾਹ ਮੀਆਂ ਅੰਨ੍ਹੇ ਮੇਉ ਵਾਂਙੂ ਪਈ ਮੂਤ ਵਿੱਚ ਮੱਛੀਆਂ ਟੋਲਦੀ ਹੈ॥

॥ ਕਲਾਮ ਕਾਜ਼ੀ ॥

ਕਾਜ਼ੀ ਸ਼ਰਾ ਦਾ ਹੀਰ ਨੂੰ ਹੁਕਮ ਕੀਤਾ ਮੰਨ ਸ਼ਰਾ ਦਾ ਹੁਕਮ ਜੇ ਜੀਵਣਾ ਈਂ॥ਬਾਝ ਮੌਤ ਦੇ ਨਾਲ ਈਮਾਨ ਹੀਰੇ ਦਾਖ਼ਲ ਵਿਚ ਬਹਿਸ਼ਤ ਦੇ ਥੀਵਣਾ ਈਂ॥ਨਾਲ ਜੌਕ ਦੇ ਸ਼ੌਂਕ ਦਾ ਹੂਰ ਸ਼ਰਬਤ ਵਿਚ ਜੰਨਤਾਂ ਖੁਸ਼ੀ ਸੇ ਪੀਵਣਾ ਈਂ॥ ਭਾਵਰ ਨਾਲ

ਰਖਾਉਦੇਸਤਰਕੀਜੇਕੇਹੀ ਦਰਜ਼ ਹਰਾਮ ਦੀ ਸੀਵਣਾਈਂ॥

॥ ਜਵਾਬ ਹੀਰ ॥

ਹੀਰ ਆਖਦੀ ਜੀਵਣਾ ਭਲਾ ਸੋਈ ਜੇਹੜਾ ਹੋਇਗਾ ਨਾਲ ਇਮਾਨ ਮੀਆਂ॥ਸੱਭੋ ਜੱਗ ਜਾਨੀ ਇੱਕੋ ਰੱਬ ਬਾਕੀ ਹੁਕਮ ਕੀਤਾਹੈ ਰਬ ਰਹਿਮਾਨ ਮੀਆਂ॥ਮੇਰਾ ਰਾਂਝੇ ਦੇ ਨਾਲ ਪਰੇਮ ਛਿਰਕਾ ਸੱਭੋ ਜਾਣਦੇ ਕੁਤਬ ਕੁਰਾਨ ਮੀਆਂ॥ਕਜੋਂ ਤੋੜਿਆ ਮਾਉਂ ਕਰਾਰ ਕਰਕੇ ਕੂਕਾਂ ਰਬਦੇ ਜਾਇ ਦੀਵਾਨ ਮੀਆਂ ॥ ਰਾਂਝਾ ਛੱਡਕੇ ਨਜ਼ਰ ਨਾ ਗ਼ੈਰ ਕਰਾਂ ਜਿਚਰ ਸਾਬਤਹੈਜ਼ਿਮੀ ਅਸਮਾਨ ਮੀਆਂ॥ਮੇਰੇ ਇਸ਼ਕਨੂੰ ਜਾਨਦਾਧੌਲ ਬਾਸ਼ਕ ਲੋਹ ਕਲਮ ਪਾਤਿਸ਼ਾਹ ਦੀਵਾਨ ਮੀਆਂ॥ਸਾਬਤਉਤਰਿਆਜਿਨਾਂ ਦਾਇਸ਼ਕ ਕਾਜ਼ੀਤਿਨਾਂਗਾਂਵਦਾਸਭ ਜਹਾਨਮੀਆਂ॥ਵਾਰੇਸ਼ਾਹ ਨੂੰ ਪਿਛਾ ਨਾ ਅਸਾਂਦੇਣਾਸਾਡਾ ਰਾਂਝੇਦੇਨਾਲਈਮਾਨਮੀਆਂ॥

॥ ਕਲਾਮ ਕਾਜ਼ੀ ॥

ਜੋਬਨ ਰੂਪ ਦਾ ਕੁਝ ਵਿਸਾਹ ਨਾਹੀਂ ਮਾਣ ਮੱਤੀਏ ਮੁਸ਼ਕ ਪਲੱਟੀਏਨੀ॥ਨਬੀ ਹੁਕਮ ਨਿਕਾਹ ਫ਼ਰਮਾਇ ਦਿਤਾ ਰਬ ਖਲਕ ਨੂੰ ਮੰਨ ਲੈ ਜੱਟੀਏਨੀ॥ਕਦੀ ਦੀਨ ਈਮਾਨਦੇ ਰਾਹ ਟੁਰੀਏ ਜ਼ਕੂਫ਼ਰ ਦੀਜੀਉਤੋਂ ਪੱਟੀਏਨੀ ॥ ਜੇਹੜੇ ਛਡ ਹਲਾਲ ਹਰਾਮ ਤਕਨ ਵਿਚ ਹਾਵੀਏ ਦੋਜ਼ਖਾਂ ਸੱਟੀਏਨੀ॥ ਆ ਮੰਨਲੈ ਆਖਣਾ ਸਾਰਿਆਂਦਾ ਕਾਜ਼ੀ ਆਖਦਾ ਬਲਦੀਏ ਸੱਟੀਏਨੀ॥ ਖੇੜਾ ਹਕ ਹਲਾਲ ਕਬੂਲਕਰ ਤੂੰ ਵਾਰਸਸ਼ਾਹ

ਬਣ ਬੈਠੀ ਹੈਂ ਡੱਟੀਏ ਨੀ॥

॥ ਜਵਾਬ ਹੀਰ ॥

ਜੀਊ ਆਸ਼ਕਾਂਦਾ ਆਸਰੱਬਦੀ ਹੈ ਕਾਜ਼ੀਅਰਸ਼ਦਾ ਕਿਗਰਾ ਫਾਹ ਨਾਹੀਂ ॥ ਜਿਥੇ ਧੀਦੋ ਦੇ ਇਸ਼ਕ ਮੁਕਾਮ ਕੀਤਾ ਓਥੇ ਖੇੜਿਆਂ ਦੀ ਕਾਈ ਵਾਹ ਨਾਹੀਂ ॥ ਕਿਸ ਜੀਵਨੇ ਕਾਜ਼ੀ ਈਮਾਨ ਵੇਚਾਂ ਏਹਾ ਕੌਣ ਜੋ ਅੰਤ ਫ਼ਨਾਹ ਨਾਹੀਂ ॥ ਕੀਕੂੰ ਫਿਰਾਂ ਮੈਂ ਅੱਜ ਰੰਝੇਟੜੇ ਤੋਂ ਰੋਜ ਹਸ਼ਰ ਦੇ ਵਿਚ ਪਨਾਹ ਨਾਹੀਂ ॥ ਜਿਵੇਂ ਰੰਘੜਾਂ ਵਿਚ ਨਾ ਪੀਰ ਕੋਈ ਅਤੇ ਲੁਧਰਾਂ ਵਿਚ ਪਾਤਸ਼ਾਹ ਨਾਹੀਂ॥ਵਾਰਸਸ਼ਾਹ ਮੀਆਂ ਕਾਜ਼ੀ ਸ਼ਰਾਦੇ ਨੂੰ ਨਾਲ ਅਹਿਲ ਤਰੀਕ ਦੇ ਵਾਹ ਨਾਹੀਂ ॥

॥ ਕਲਾਮ ਕਾਜ਼ੀ ॥

ਦੁਰਰੇ ਸ਼ਰਾਦ ਮਾਰ ਉਧੇੜਸਾਂ ਮੈਂ ਕਰਾਂ ਉਮਰ ਖ਼ਿਤਾਬ ਦਾ ਨਿਆਉਂ ਹੀਰੇ॥ਘਤ ਕੱਖਾਂਦੇ ਵਿਚਮੈਂਸਾੜ ਸੁਟਾਂਤੈਨੂੰ ਵੇਖਸੀ ਪਿੰਡ ਗਿਰਾਉਂ ਹੀਰੇ॥ ਖੇੜਾ ਕਰੇਂ ਕਬੂਲ ਤਾਂ ਬਖ਼ਸ਼ ਦੇਸਾਂ ਛਡ ਚਾਕ ਰੰਝੇਟੇ ਦਾ ਨਾਉਂ ਹੀਰੇ ॥ ਅੱਖੀਂ ਵੇਖਕੇ ਵਕਤ ਲੰਘਾਈਏਨੀ ਏਹ ਵਕਤਹੈ ਬਦਲਾਂਛਾਉਂ ਹੀਰੇ॥ਵਾਰੇਸ਼ਾਹ ਏਹ ਆਸਰਾ ਰਬਦਾਈ ਦੋਵੇਂ ਵਿਸਰੇ ਬਾਪਤੇ ਮਾਉਂਹੀਰੇ॥

॥ ਕਲਾਮ ਹੀਰ ॥

ਰਲੇ ਦਿਲਾਂ ਨੂੰ ਜੇਹੜੇ ਵਿਛੋੜਦੇ ਨੀ ਬੁਰੀ ਬਣੇਗੀ ਤਿਨਾਂ ਹਤਿਆਰਿਆਂਨੂੰ॥ ਨਿਤਹਿਰਸਦੇਵਿਕਰ ਗਲਤਾਨਰਹਿੰਦੇ

ਏਹ ਜ਼ਾਮਤਾਂ ਰੱਬਦੇ ਮਾਰਿਆਂ ਨੂੰ ॥ ਰੱਬ ਦੋਜ਼ਖਾਂ ਨੂੰ ਭਰੇ ਪਾਇ ਬਾਲਣ ਕੇਹਾ ਦੋਸ ਹੈ ਅਸਾਂ ਵੇਚਾਰਿਆਂ ਨੂੰ॥ ਖਾਵਣ ਵੱਢੀਆਂ ਨਿਤ ਈਮਾਨ ਵੇਚਨ ਏਹ ਮਾਰ ਹੈ ਕਾਜ਼ੀਆਂ ਸਾਰਿਆਂ ਨੂੰ ॥ ਵਾਰਸਸ਼ਾਹ ਮੀਆਂ ਬਣੀ ਬਹੁਤ ਔਖੀ ਨਹੀਂ ਜਾਣਦੀ ਸਾਂ ਏ[illegible]ਂ ਕਾਰਿਆਂ ਨੂੰ ॥

॥ ਕਲਾਮ ਕਾਜ਼ੀ ॥

ਜੇਹੜੇ ਛੱਡਕੇ ਰਾਹ ਹਲਾਲ ਦੇ ਨੂੰ ਤਕਨ ਨਜ਼ਰ ਹਰਾਮਦੀ ਮਾਰੀਅਨਗੇ ॥ ਕਬਰ ਵਿਚ ਬਹਾਲ ਕੇ ਨਾਲ ਗੁਰਜ਼ਾਂ ਸਣੇ ਪਾਪ ਤੇ ਖੂੰਨ ਨਿਤਾਰੀਅਨਗੇ ॥ ਰੋਜ਼ ਹਸ਼ਰ ਦੇ ਦੋਜ਼ਖੀਂ ਬੰਨ੍ਹ ਸਾਰੇ ਘਤ ਅਗਾੜੇ ਵਿਚ ਨਘਾਰੀਅਨਗੇ ॥ ਮਾਂ ਬਾਪ ਉਸਤਾਦਦੇ ਹਾਕ ਜੇਹੜੇ ਵਿਚ ਦੋਜ਼ਖਾਂ ਘੱਤ ਲਤਾੜੀਅਨਗੇ ॥ ਕੂੜ ਵਕਤ ਨਾ ਕਿਸੇ ਨੇ ਨਾਲ ਚਲਨਾ ਖਾਲੀ ਦਸਤ ਹੋ ਤੁਰਤ ਪਧਾਰੀਅਨਗੇ ॥ ਵਾਰਸਸ਼ਾਹ ਏਹ ਉਮਰ ਦੇ ਲਾਲ ਮੂਹਰੇ ਇਕ ਰੋਜ਼ ਨੂੰ ਆਕਬਤ ਹਾਰੀਅਨਗੇ ॥

॥ ਕਲਾਮ ਹੀਰ ॥

ਰੋਜ਼ ਕਾਲੂਬਲਾ ਨਕਾਹ ਪੜ੍ਹਿਆ ਰੂਹ ਨਬੀ ਦੇ ਆਪ ਪੜ੍ਹਾਇਆਈ॥ ਕੁਤਬ ਹੋਇ ਵਕੀਲ ਵਿਚ ਆਇ ਬੈਠਾ ਹੁਕਮ ਰਬ ਨੇ ਆਨ ਕਰਾਇਆਈ ॥ ਜਬਰਾਈਲ ਮੇਕਾਈਲ ਉਰਾਹ ਚਾਰੇ ਅਸਰਾਫ਼ੀਲ ਅਜ਼ਰਾਈਲ ਆਇਆਈ॥ ਅਗਲਾ ਤੋੜਕੇ [illegible]ਰ ਨਿਕਾਹ ਪੜ੍ਹਨਾ ਆਖ ਰੱਬ ਨੇ ਕਦੋਂ

ਫ਼ਰਮਾਇਆਈ ॥

॥ ਕਲਾਮ ਹੀਰ ॥

ਜੇੜ੍ਹੇ ਇਸ਼ਕ ਦੀ ਅੱਗ ਤੇ ਤਾਉ ਤੱਤੇ ਤਿਨ੍ਹਾਂ ਦੋਜ਼ਖਾਂ ਨਾਲ ਕੀ ਵਾਸਤਾਈ ॥ ਆਖਰ ਸਿਦਕ ਯਕੀਨ ਤੇ ਕੰਮ ਪੌਸੀ ਮੂਤ ਭਰਮ ਏਹ ਪੁਤਲਾ ਮਾਸਦਾਈ॥ ਦੋਜ਼ਖ ਮੋਰੀਆਂ ਮਿਲਨ ਬੇਸਿਦਕੀਆਂ ਨੂੰ ਜਿਨ੍ਹਾਂ ਬਾਣ ਤੱਕਣ ਆਸਪਾਸਦਾਈ॥ ਜਿਨ੍ਹਾਂ ਏਕ ਦੇ ਨਾਮ ਤੇ ਸਿਦਕ ਬੱਧਾ ਉਨ੍ਹਾਂ ਫ਼ਿਕਰ ਅੰਦੇਸੜਾ ਕਾਸਦਾਈ॥

॥ ਕਲਾਮ ਕਾਜ਼ੀ ॥

ਲਿਖਿਆ ਵਿਚ ਕੁਰਾਨ ਕਿਤਾਬ ਦੇ ਨੀ ਗੁਨਹਗਾਰ ਖ਼ੁਦਾਇ ਦਾ ਚੋਰ ਹੈ ਨੀ ॥ ਹੁਕਮ ਮਾਉਂ ਤੇ ਬਾਪ ਦਾ ਮੰਨ ਕੈਹਣਾ ਏਹ ਰਾਹ ਤਰੀਕ ਦਾ ਜ਼ੋਰ ਹੈ ਨੀ ॥ ਜਿਨ੍ਹਾਂ ਨਾਹਿ ਮੰਨਣਾ ਪਛੋਤਾਇ ਰੋਵਨ ਪੈਰ ਦੇਖ ਜਿਉਂ ਝੂਰਦਾ ਮੋਰ ਹੈ ਨੀ ॥ ਜੋ ਕੁਛ ਮਾਉਂ ਤੇ ਬਾਪ ਤੇ ਅਸੀਂ ਕਰੀਏ ਉਥੇ ਤੁਧ ਦਾ ਕੁਛ ਨਾ ਜ਼ੋਰ ਹੈ ਨੀ॥

॥ ਕਲਾਮ ਹੀਰ ॥

ਕਾਜ਼ੀ ਆਖਿਆ ਬਾਪ ਤਕਰਾਰ ਕੀਤਾ ਹੀਰ ਰਾਂਝੇ ਦੇ ਨਾਲ ਵਿਆਹੁਣੀ ਹੈ ॥ ਉਸ ਨਾਲ ਅਸਾਂ ਤਕਰਾਰ ਕੀਤਾ ਗੱਲ ਤੋੜਨੀ ਨਹੀਂ ਨਿਬਾਹੁਣੀ ਹੈ ॥ ਜੇ ਤਾਂ ਹਈ ਯਕੀਨ ਤੇ ਮੰਨ ਜਾਂਈ ਗੱਲ ਗਲੋਂ ਅਸਾਡਿਓਂ ਲਾਹੁਣੀ ਹੈ॥ ਅਸਾਂ ਆਪਣੀ ਬਾਤ ਮਨਜ਼ੂਰ ਕਰਨੀ ਹੋਰ ਕਿਸੇ ਦੀ ਬਾਤ ਨਾ ਚਾਹੁਣੀ ਹੈ ॥ ਅਤੇ ਰਾਂਝੇ ਨੂੰ ਹੀਰ ਪਰਨਾਇ ਦੇਣੀ ਕਿਸੇ ਰੋਜ਼ ਦੀ ਏ

ਪਰਾਹੁਣੀਹੈ ॥ ਵਾਰਸਸ਼ਾਹ ਨਾ ਜਾਣਦੀ ਮਾਉਂ ਕਮਲੀ ਮਾਰ ਸ਼ੇਰ ਦੀ ਗਧੇ ਦੀ ਨੂੰ ਵਾਹੁਣੀ ਹੈ ॥

॥ ਕਲਾਮ ਕਾਜ਼ੀ ॥

ਅੱਗੇ ਤਿਨ੍ਹਾਂ ਨੂੰ ਮਿਲੇ ਦਰਗਾਹ ਢੋਈ ਜੇੜ੍ਹੇ ਹੱਕ ਦੇ ਨਾਲ ਨਿਕਾਹੀਅਨਗੇ ॥ ਜੇੜ੍ਹੇ ਸ਼ਰਹਤੋਂ ਜਾਨਬੇ ਹੁਕਮ ਹੱਕੇ ਵਿਚ ਹਾਵੀਏ ਦੋਜ਼ਖ਼ ਪਾਈਅਨਗੇ ॥ ਮਾਉਂ ਬਾਪਦੇ ਹੁਕਮ ਵਿਚ ਚਲੇ ਜੇੜ੍ਹੇ ਨਾਲ ਹੱਕਦੇਸੋਈਨਿਕਾਹੀਅਨਗੇ ॥ ਏਸ ਜਗਤ ਵਿਚ ਉਨ੍ਹਾਂਦਾ ਜਸ ਹੋਵੇਕਈਸ਼ਾਇਰਾਂਦੇ ਮੁਖ ਗਾਈਅਨਗੇ ॥ ਰੂਪ ਵੇਖਕੇ ਜਿਨ੍ਹਾਂ ਹੰਕਾਰ ਕੀਤਾ ਅੱਗੇ ਅੱਗਦੇਆਕਬਤ ਜ਼ਾਹੀਅਨਗੇ ॥ ਜੇੜ੍ਹੇ ਹੱਕਦੇ ਨਾਲਪਿਆਰਵੰਡਨ ਓਹਵਿਚ ਬਹਿਸ਼ਤ ਦੇ ਜਾਈਅਨਗੇ ॥ ਜੇਹੜੇ ਨਾਲ ਤਕੱਬਰੀਕਰਨ ਜੋਰੀਵਾਂਗਈਦਦੇਬੱਕਰੇਢਾਹੀਅਨਗੇ ॥ ਵਾਰਸਸ਼ਾਹ ਮੀਆਂ ਜੇਹੜੇਬਹੁਤਸਜਾਲੇਵਾਂਗਕਾਉਂਦੇਪਲਕਵਿਚਫਾਹੀਅਨਗੇ ॥

॥ ਕਲਾਮ ਹੀਰ ॥

ਜਿਨ੍ਹਾਂ ਇਕ ਮਹਬੂਬਦਾਜਾਪਕੀਤਾਓਹਸਾਹਿਬਦੇ ਮਰਤਬੇ ਜਾਂਵਦੇਨੀ ॥ ਓਥੇ ਆਸ਼ਕਾਂਬਾਝਨਾਵੜਨ ਮਿਲਦਾਝੂਠਾਵੜੇ ਨਾ ਵਿਚ ਦਰਗਾਹਦੇ ਨੀ ॥ ਜੇਹੜੇ ਵੱਢੀਆਂ ਖਾਇਕੇ ਸੱਚ ਡੋਬਨ ਓਹ ਚੋਰਉਚੱਕੜੇਰਾਹਦੇਨੀ ॥ ਵਾਰਸਸ਼ਾਹ ਵਸਾਹ ਕੀ ਜੀਵਣੇਦਾ ਏਹਤਾਂਪੁਤਲੇ ਭਾਬਿਆ ਸ਼ਾਹਦੇਨੀ ॥ ਜੇਹੜੇ ਇਸ਼ਕਦੇਨਾਮਤੇਸਾਰਹੋਏਮਨਜ਼ੂਰ ਖ਼ੁਦਾਇ ਦਰਗਾਹਦੇਨੀ

॥ ਤਮਾਬਹੁਤਸੀਏਸਜਹਾਨਉਤੇ ਦੋਵੇਂ ਛੁਥੇਸ਼ੈਤਾਨਦੇ ਰਾਹ
ਦੇ ਨੀ॥ਏਨਾਂਦੋਹਾਂਦੇ ਵਿਚਹੈਂ ਤੂੰਕਾਜ਼ੀਭੋਈ ਜਿਨਤੇਭੂਪਹਿ
ਸ਼ਾਹਦੇ ਨੀ ॥ ਨਾਮਾਕੂਲ ਜੁਬਾਨ ਥੀਂ ਹਰਫ਼ ਬੋਲੇਂ ਜਲ
ਜਾਇੰਗਾ ਬ੍ਰਿਹੋਂਦੀਆਹਿਦੇ ਨੀ ॥ ਜਿਨ੍ਹਾਂ ਸਿਦਕ ਯਕੀਨ
ਦਰੁਸਤ ਕੀਤਾ ਓਹਸ਼ਾਹਿਦਮਰਾਤਬੇ ਜਾਹਿਦੇਨੀ ॥ ਜਿਨ੍ਹਾਂ
ਨੀਯਤਨੂੰ ਠੀਕਦਰੁਸਤਕੀਤਾਮਹਿਕੂਲਾਦਰਗਾਹਿ ਅਲਾਹਿ
ਦੇ ਨੀ ॥ ਜਿਨ੍ਹਾਂਓਸਮਹਿਬੂਬਦਾਜਾਪਕੀਤਾਓਹਨਾਂ ਫ਼ਿਕਰ
ਅੰਦੇਸੜੇਕਾਹਦੇਨੀ ॥ ਜੇਹੜੇ ਰਿਸ਼ਵਤਾਂਖਾਇਕੇ ਹੱਕਡੋਬਨ
ਓਹ ਚੋਰ ਖ਼ੁਦਾਇਦੇਰਾਹਦੇਨੀ ॥ ਏਹੁਮਾਇਨੇਵਿਚ ਕੁਰਾਨ
ਦੇ ਨੀ ਏਹ ਹਰਫ਼ ਮੀਆਂ ਵਾਰਸਸ਼ਾਹ ਦੇ ਨੀ ॥

॥ ਕਲਾਮ ਕਾਜ਼ੀ ॥

ਕਾਜ਼ੀ ਆਖਿਆ ਚੂਚਕਾ ਝਬ ਹੋ ਤੂੰ ਸਦ ਖ਼ੇਸ਼ ਕਬੀਲੜਾ
ਲਜਾਵਨਾਈਂ ॥ ਲੈਹੁ ਸੱਦ ਉਗਾਹਵਕੀਲਸਾਰੇ ਅਸਾਂਸ਼ਰਹ
ਦਾ ਹੁਕਮਮਨਾਵਨਾਈਂ ॥ ਘੜਾਵਿਲਨਾਲਾਵਨੀ ਮੂਲ ਏਥੇ
ਅਸਾਂ ਤੁਰਤਨਕਾਹਪੜ੍ਹਾਵਨਾਈਂ ॥ ਹਿੰਗੀ ਨਦੀਦੇ ਨਾਲਹੈ
ਵਾਹਸਾਡਾਅਸਾਂਹਿੰਗੀਦਾ ਹਿੰਗਕਢਾਵਨਾਈਂ॥ਫਜਰ ਵੇਲੜੇ
ਕਾਜ ਰਚਾਇਦੇਈਏ ਤੁਰਤ ਚਾਰ ਕਹਾਰ ਬੁਲਾਵਨਾਈਂ ॥
ਜੈਦ ਛੱਬ ਤਯਾਰ ਚਾ ਵਿਦਾ ਕਰਨੀ ਡੂੰਮ ਡਲੜਾ ਫੇਰ
ਪਰਚਾਵਨਾਈਂ ॥ ਜੋ ਮਾਲ ਵੈਰਾਈਆਂ ਨਜ਼ਰ ਆਵੇ ਹਿਕ
ਪਾੜਵੀਆਂ ਦੇ ਅੱਗੇ ਲਾਵਨਾਈਂ ॥ ਰਾਂਝਾ ਨਾਲ ਤਕਦੀਰ

ਭਰੱਮਰਹੋਯਾ ਏਥੇਹੋਰਫ਼ੈਜਦਾਰਬਹਾਵਨਾਈਂ॥ਛੋਹਰੀ ਮੋੜ
ਨਾ ਘੱਲਨੀਫੇਰਏਥੇਵਾਰਸਸ਼ਾਹਨੂੰਚਾਇ ਸਮਝਾਵਨਾਈਂ ॥

॥ ਕਲਾਮ ਕਾਜ਼ੀ ॥

ਕਾਜ਼ੀ ਪਿੰਡਦੇਪੈਂਚਸਦਾਇਸਾਰੇਸ਼ਤਰੰਜੀਆਂ ਸਜ਼ਾਂਵਿਛਾਇ
ਬੈਠੇ ॥ ਏਸ ਅਕਦ ਦਾ ਸ਼ੋਰ ਫਸਾਦ ਪੈਸੀ ਜੇਹਾ ਮਹਕਮਾਂ
ਪੈਂਦਾ ਹੈ ਵਿੱਚ ਸੱਠੇ ॥ ਕੋਲ ਸੱਦ ਵਕੀਲਉਗਾਹਸਾਰੇਝਟ
ਹੋਇਕੇ ਆਇਨੀ ਸਭ ਕੱਠੇ ॥ ਗੁਸਾ ਖਾਇਕੇ ਹੀਰ ਜਵਾਬ
ਦਿਤਾ ਤੈਨੂੰ ਰਬ ਰਸੂਲ ਕੁਰਾਨ ਪੱਟੇ ॥

॥ ਕਲਾਮ ਹੀਰ ॥

ਮਹਿੰਦੀ ਘੋਲਕੇ ਦਸਤਨਾਲਾਵਨੀਹੈ ਅੱਗਪਾਵਾਂ ਸੁਹਾਗਦੇ
ਸੀਸਘੱਟੇ ॥ ਕੁਝ ਚਲੇ ਨਾ ਵੱਸ ਵਕੀਲਸਾਰੇ ਜਿਵੇਂ ਸ਼ੇਰਨੂੰ
ਵੇਖਕੇ ਉਠਨੱਠੇ॥ਨਜ਼ਰਆਂਵਦੀ ਕੰਘੀ ਕਰਵਤ ਮੈਨੂੰ ਨਹੀਂ
ਮੌਲਵੀ ਛੁਰੀ ਹੈ ਜਾਨ ਕੁੱਠੇ ॥ ਵਾਰਸਸ਼ਾਹਜ਼ੁਬਾਨਤੋਂ ਹੀਰ
ਬੋਲੇ ਜਿਵੇਂ ਤੇਜ਼ ਕਮਾਨ ਤੋਂ ਤੀਰ ਹੁੱਟੇ ॥

॥ ਕਲਾਮ ਕਾਜ਼ੀ ॥

ਗੁੱਸਾ ਖਾਇਕੇ ਕਾਜ਼ੀ ਜਵਾਬ ਦਿਤਾ ਬੁਰੀ ਭੈੜੀਏ ਬਹੁਤ
ਅਮੋੜੀਏਨੀ ॥ ਫ਼ਾਵੇਂ ਲਖ ਸਨਿਆਸ ਬੈਰਾਗ ਜੋਗੀ ਖੇੜਾ
ਸਯਦ ਮੁਗ਼ਲ ਫਰ ਲੋੜੀਏਨੀ ॥ ਕਦਮ ਵੇਖਕੇ ਜ਼ਿਮੀਂ ਤੇ
ਰੱਖੀਏਨੀ ਫਿਕਰ ਦੇਖਕੇ ਪੈਰ ਮੈਂਗੋੜੀਏਨੀ॥ਹੌਂਸੀ ਖੱਦਰ
ਬਾਂਨ ਤ੍ਰਿੱਮੀਆਂਦੇਪਿੰਡੇਨਾਲ ਨਾ ਮੂਲ ਚਮੋੜੀਏਨੀ ॥ ਭੂਰੇ

ਕੈਥਲਨੂੰਚਾਇਜਵਾਬਦੀਜੇਰੇਸ਼ਮਨਾਲ ਦੁਸ਼ਾਲਿਆਂ ਜੋੜੀਏ ਨੀ ॥ ਜ਼ਰੀਬਾਫ਼ਦੇ ਖ਼ੂਬਸਿਵਾਇਕੇਨੀ ਸਿਰੀਬਾਫ਼ਦਾਬੁਤਨ ਜੋੜੀਏਨੀ ॥ ਛੱਡਸ਼ੇਖਮਸ਼ਾਇਕਲੰਗੋਟੀਆਂਨੂੰ ਵਾਰਸ ਸ਼ਾਹ ਦੀ ਵਾਗ ਨਾ ਮੋੜੀਏਨੀ ॥

॥ ਕਲਾਮ ਕਾਜ਼ੀ ॥

ਕਾਜ਼ੀਆਖਿਆ ਹੁਜਤਾਂਸਹੁਤਜਾਣੇਹੀਰਝਗੜਿਆਂ ਨਾਲਨ ਹਾਰਦੀਹੈ ॥ ਲਿਆਓਪੜ੍ਹੋਨਿਕਾਹਮੂੰਹ ਬੰਨ੍ਹ ਇਸਦਾ ਕਿਸਾ ਰੋਜ਼ ਫ਼ਸਾਦਗੁਜ਼ਾਰਦੀਹੈ ॥ ਛਡ ਮਸਜਦਾਂ ਫੇਰਿਆਂ ਵਿਚ ਵੜਦੀਤ੍ਰਾਹਬੱਕਰੇਸੂਰੀਆਂਚਾਰਦੀਹੈ ॥ਵਾਰਸਸ਼ਾਹਮਧਾਣੀ ਹੈ ਹੀਰ ਜੱਟੀ ਏਸ ਕੰਮਦਾ ਮੱਖਣ ਨਿਤਾਰਦੀ ਹੈ ॥

॥ ਕਾਜ਼ੀ ਨਿਕਾਹ ਬੰਨ੍ਹਿਆਂ ਜ਼ੋਰ ਨਾਲ ॥

ਕਾਜ਼ੀ ਬੰਨ੍ਹ ਨਿਕਾਹਤੇ ' ਤ ਡੋਲੀ ਨਾਲ ਖੇੜਿਆਂਦੇ ਦਿੱਤੀ ਟੋਰ ਮੀਆਂ ॥ ਤੇਵਰ ਜੇਵਰਾਂ ਨਾਲ ਜੜਾਊ ਗਹਿਣੇ ਦੰਮ ਦੌਲਤਾਂ ਨਿਆਮਤਾਂ ਹੋਰ ਮੀਆਂ ॥ ਦੰਮਕ ਮੱਝੀਆਂ ' ਝੇਤੇ ਊਠਦਿਤੇਗਹਿਣਾਕੱਪੜਾਢੱਗੜਾਢੋਰਮੀਆਂ ॥ਹੀਰਖੇੜਿਆਂ ਨਾਲ ਨਾ ਟੁਰੇ ਮੂਲੇ ਪਿਆ ਪਿੰਡਦੇ ਵਿਚਏਹਸ਼ੋਰਮੀਆਂ ॥ ਖੇੜੇ ਹੀਰ ਨੂੰ ਖਿੰਨਕੇ ਰਵਾਂ ਹੋਏ ਜਿਵੇਂ ਮਾਲ ਨੂੰ ਲੈ ਗਏ ਚੋਰ ਮੀਆਂ ॥

॥ ਕਲਾਮ ਸ਼ਾਇਰ ॥

ਮਹੀਂ ਤ੍ਰਚਨਨਾਥਾਸ਼ਰੰਝੇਟੜੇਦੇਕਰਸ਼ੇਖੀਆਂ ਪਿੰਡਭਜਾਇਓ

ਨ ਪੱਟ ਝੁਗੀਆਂ ਲੋਕਾਂ ਨੂੰ ਸਿੰਙ ਮਾਰਨ ਝਾਂਡੇ ਭੰਨਕੇ ਖਫ਼ਾ ਅਕਾਇਓ ਨੇ ॥ ਬੂਥੀਆਂ ਉਚੀਆਂ ਵੱਲ ਅਸਮਾਨ ਕਰਕੇ ਸ਼ੋਰ ਘੱਤਕੇ ਪਿੰਡ ਕੰਬਾਇਓਨੇ ॥ ਲੋਕਾਂ ਆਖਿਆ ਰਾਂਝੇ ਦੀ ਕਰੋ ਮਿੰਨਤ ਪੈਰ ਟੂੰਬਕੇ ਆਨ ਜਗਾਇਓਨੇ ॥ ਭੜਥੂ ਮਾਰਿਓ ਨੇ ਦੁਆਲੇ ਰਾਂਝਣੇ ਦੇ ਲਾਲ ਬੰਗ ਦਾ ਬੜਾ ਪੁਜਾਇਓਨੇ ॥ ਪਕਵਾਨ ਤੇ ਪਿੰਨੀਆਂ ਰੱਖ ਅੱਗੇ ਭੋਲੂ ਰਾਮ ਨੂੰ ਚਾਇ ਮਨਾਇਓ ਨੇ॥ ਚਸ਼ਮਾਂ ਪੀਰਾਂ ਦੀ ਖ਼ਾਕ ਦਾ ਲਾਇ ਟਿੱਕਾ ਵਾਂਗ ਪੀਰ ਦੇ ਸਿਜਦਾ ਕਰਾਇਓ ਨੇ ॥ ਮਗਰ ਮਹੀਂ ਵਲਾਇ ਕੇ ਛੇੜਿਓ ਨੇ ਸਿਰ ਟੈਮਕ ਚਾਇ ਚੁਕਾਇਓਨੇ ॥ ਵਾਹੋ ਦਾਹ ਚਲੇ ਰਾਤੋ ਰਾਤ ਖੇੜੇ ਦਿਨ ਜਾਇਕੇ ਪਿੰਡ ਚੜ੍ਹਾਇਓਨੇ ॥ ਅਗੋਂ ਲੈਣ ਆਈਆਂ ਕੁੜੀਆਂ ਵਹੁਟੜੀ ਨੂੰ ਜੇਠੂਆਂ ਦਜ਼ੀਵੇ ਵੀਰਾ ਗਾਇਓ ਨੇ ॥ ਦੇ ਚੂਰੀ ਦੀਆਂ ਬੁਰਕੀਆਂ ਸਤ ਖਿਚੜੀ ਨੱਢੇ ਦੇਵਰ ਨੂੰ ਗੋਦ ਬਹਾਇਓ ਨੇ॥ ਸਿਰੋਂ ਲਾਹਿ ਟੈਮਕ ਭੂਰਾ ਖਸ ਲੀਤਾ ਰਾਂਝਾ ਬਹਿਸ਼ਤ ਥੀਂ ਕਢ ਤਰਾਹਿਓਨੇ ॥ ਵਾਰਸਸ਼ਾਹ ਦੇ ਕੁਦਰਤਾਂ ਰਬਦੀਆਂ ਨੀ ਭੁੱਖੇ ਜਿੰਨ ਤੋਂ ਰੂਹ ਕਢਾਇਓਨੇ ॥

## ॥ ਕਲਾਮ ਹੀਰ ॥

ਲੈਂਦੇ ਰਾਂਝਿਆ ਵਾਹਿ ਮੈਂ ਲਾਇ ਥਕੀ ਸਾਡੇ ਵੱਸ ਥੀਂ ਗਲ ਬੇਵਸ ਹੋਈ ॥ ਕਾਜ਼ੀ ਮਾਪਿਆਂ ਭਾਈਆਂ ਟੋਰ ਦਿਤੀ ਸਾਡੀ ਤੈਂ ਡਜ਼ੀ ਦੋਸਤੀ ਬਸ ਹੋਈ॥ ਘਰ ਖੇੜਿਆਂ ਦੇ ਨਹੀਂ ਵਸਣਾ ਮੈਂ ਸਾਡੀ ਓਨਾਂ ਦੇ ਨਾਲ ਖੜਖਸ ਹੋਈ॥ਜੇ ਜੀਵਾਂਗੇ ਮਿਲਾਂਗੇ

ਰੱਬ ਮੇਲੇ ਹਾਲ ਸਾਲ ਤਾਂ ਦੋਸਤੀ ਬੱਸਹੋਈ॥

॥ ਕਲਾਮ ਰਾਂਝਾ ॥

ਜੋ ਕੁਝ ਮੱਥੇ ਦਾ ਲੇਖਸੀਲਿਖਿਆਹੈ ਮੂੰਹੋਂ ਬੱਸ ਨਾਂ ਆਖੀਏ ਭੈੜੀਏਨੀ॥ ਸੂਵਾ ਸੱਖਣਾ ਚਾਕਨੂੰ ਰਖਿਓਈ ਮੱਥੇ ਭੌਰੀਏ ਚੰਦਰੀਏ ਜੇਹੜੀਏਨੀ ॥ ਮੰਤ੍ਰਕੀਲਨਾ ਜਾਣੀਏ ਭੂਮਣੇਦਾ ਕਾਲੇਸੂਤੜੇਨਾਂਗਨਾਛੇੜੀਏਨੀ ॥ ਵਾਰਸਸ਼ਾਹਇਕ ਵਾਰਗੀ ਮਰਨਥੰਗਾ ਡਾਢੀ ਇਸ਼ਕਦੀ ਸਹਿਨ ਦਰੇੜੀਏਨੀ ॥ ਇਕੇ ਯਾਰਦੇਨਾਮਤੋਂਫ਼ਿਦਾਹੋਈਏਮਹੁਰਾਦੇਕੇ ਖ਼ੂਨ ਨਿਬੇੜੀਏਨੀ ॥ ਦਗ਼ਾਦੇਵਨਾਹੋਵੇ ਜੇ ਆਖਰੀਨੂੰ ਪਹਿਲੇ ਰੋਜ਼ ਜਬਾਬ ਦੇ ਦੇਰੀਏਨੀ ॥ ਜੇ ਨਾ ਉਤਰੇਯਾਰਦੇ ਨਾਲਪੂਰੀਏਡੇ ਪਿਟਣੇ ਨਾਹਿ ਸਹੇੜੀਏ ਨੀ ॥ ਵਾਰਸਸ਼ਾਹ ਜੇਪੈਸਾਨਾ ਹੋਇ ਅੰਦਰ ਸ਼ੀਸ਼ੇ ਸ਼ਰਬਤਾਂ ਦੇ ਨਹੀਂ ਛੇੜੀਏ ਨੀ ॥

॥ ਕਲਾਮ ਹੀਰ ॥

ਤੈਨੂੰ ਹਾਲਦੀ ਗੱਲ ਮੈਂ ਲਿਖ ਘੱਲਾਂ ਫਕਰਹੋਇਮੈਥੇਤ੍ਰੁਰਤ ਆਵਨਾਈਂ ॥ ਕਿਸੇਜੋਗੀਦਾ ਜਾਇਕੇ ਬਣੀਂ ਚੇਲਾ ਸੁਵਾਹ ਲਾਇਕੇ ਕੰਨ ਪੜਾਵਨਾਈਂ ॥ ਸੱਭਾਜ਼ਾਤ ਸਫ਼ਾਤ ਬਰਬਾਦ ਕਰਕੇ ਏਥੇਠੀਕਤੈਂ ਸੀਸਮੁਨਾਵਨਾਈਂ ॥ ਤੂਹੀਂ ਜੀਊਂਦਿਆਂ ਦੀਦਨਾਦੇਵਣੀਹੈ ਅਸਾਂਵਤਨਾ ਜੀਂਵਦਿਆਂ ਆਵਨਾਈਂ ॥

॥ ਕਲਾਮ ਰਾਂਝਾ ॥

ਰਾਂਝੇਆਖਿਆ ਸਜਾਲ ਗਲ ਗਏ ਸਾਰੇ ਅਤੇ ਹੀਰ ਭੀ ਛੱਡ

ਈਮਾਨਚੱਲੀ ॥ ਸਿਰਹੇਠਤਾਂਕਰਗਿਆ ਮਹਿਰਚੂਚਕ ਜਦੋਂ ਸੱਥ ਵਿਚਆਨਕੇਗਲਹੱਲੀ ॥ ਧੀਆਂ ਮਾਰਦੇ ਲੋਕ ਜ਼ੁਬਾਨ ਹਾਰਨ ਮਹਰਾਬ ਮੱਥੇ ਉੱਤੇ ਧੌਣ ਮੱਲੀ ॥ ਯਾਰੋ ਸਜਾਲਾਂ ਦੀਆਂ ਦਾੜ੍ਹੀਆਂ ਦੇਖਦੇ ਹੋ ਜਿਵੇਂ ਮੂੰਗ ਮੰਗਵਾੜ ਤੇ ਮੱਸ ਮੱਲੀ ॥ ਵਾਰਸਸ਼ਾਹ ਮੀਆਂ ਧੀ ਸੋਹਨੀ ਨੂੰ ਗਲ ਵਿੱਚ ਦਾ ਪਾਉਂਦੇ ਹੈਨ ਟੱਲੀ ॥

॥ ਕਲਾਮ ਰਾਂਝਾ ॥

ਯਾਰੋ ਜੱਟਦੀ ਗੱਲ ਮਨਜ਼ੂਰ ਨਾਹੀਂ ਗੋਸ਼ ਸ਼ੁਤਰਜਿਉਂ ਕੌਲ ਰੁਸਤਾਈਆਂਦਾ ॥ ਪੱਤਾਂਹੋਨਇਕੀਸਜਿਸ ਜਟਤਾਈ ਸੋਈ ਅਸਲ ਭਿਰਾਉ ਹ ਭਾਈਆਂ ਦਾ ॥ ਜਦੋਂ ਬੈਨ ਅਰੂੜੀ ਤੇ ਅਕਲ ਆਵੇ ਜਿਵੇਂ ਕੁਤੜਾ ਫਿਰੇ ਕਸਾਈਆਂ ਦਾ ॥ ਪੈਰੀਂ ਬੇੜੀਆਂਤੇਮਾਰਛਿਤਰਾਂਦੀਸੇਈਪੈਂਦਵੇਖੋਬਫ਼ੇਲਾਈਆਂਦਾ॥ ਸਿਰੋਲਾਹਕੇਚਿੱਤੜਾਂਹੇਠਦੇਂਦੇਮਜ਼ਾਆਂਵਦਾਤਦੋਂਸਫ਼ਾਈਆਂ ਦਾ ॥ ਜੱਟੀਜੱਟਦੇ ਸਾਂਗਤੇ ਹੋਨਰਾਜ਼ੀ ਫਿਰੇ ਮੁਸ਼ਗਲ ਤੇ ਵੇਸ ਕੀ ਲਾਈਆਂਦਾ ॥ ਧੀਆਂਵੇਣੀਆਂਕਰਨਮੁਸਾਫਰਾਂਨੂੰਵੇਚਨ ਹੋਰਦੇ ਮਾਲ ਜਵਾਈਆਂਦਾ ॥ ਵਾਰਸਸ਼ਾਹ ਤਹਿਕੀਕ ਏਹ ਜ਼ੂਨ ਜਾਨੋ ਕੌਲ ਜੱਟ ਸੁਨਿਆਰ ਕਸਾਈਆਂ ਦਾ ॥

॥ ਕਲਾਮ ਰਾਂਝਾ ॥

ਪੈਂਚਾਂ ਪਿੰਡ ਦਿਆਂ ਸਚਖੀ ਤਰਕ ਕੀਤੀ ਕਾਜ਼ੀ ਰਿਸ਼ਵਤਾਂ ਮਾਰਕੇ ਕੋਰ ਕੀਤੇ ॥ ਪਹਿਲਾਂ ਹੋਰਨਾਂ ਨਾਲ ਕਰਾਰ ਕਰਦੇ

ਫੈਮ ਫੇਖਦਮਾਦ ਫਿਰ ਹੋਰ ਕੀਤੇ॥ਗੱਲਾਂ ਕਰਨ ਈਮਾਨ ਦੇ ਛੱਡਣੇ ਦੀਆਂ ਪੈਂਰ ਪਿੰਡਦੇ ਠੱਗਕੇ ਚੋਰ ਕੀਤੇ॥ ਅਸ਼ਰਾਫ ਦੀ ਗੱਲ ਮਨਜ਼ੂਰ ਨਾਹੀਂ ਚੋਰ ਚੌਧਰੀ ਅਤੇ ਲਟੋਰ ਕੀਤੇ॥ ਕਾਉਂ ਬਾਗਦੇ ਵਿੱਚ ਕਲੋਲ ਕਰਦੇ ਕੂੜਾ ਫੋਲਣੇ ਦੇ ਉੱਤੇ ਮੋਰ ਕੀਤੇ॥ਤਦੋਂ ਫੌਜ ਈਮਾਨ ਦੀ ਨੱਸ ਚਲੀ ਜਦੋਂ ਹਿਰਸ ਤੇ ਤਮਾ ਨੇ ਜੋਰ ਕੀਤੇ॥ ਜੋਰੋਂ ਜੋਰ ਭੀ ਵਜਾਹ ਲੈ ਗਏ ਖੇੜੇ ਅਸਾਂ ਰੋਇ ਬਤੇਰੜੇ ਸ਼ੋਰ ਕੀਤੇ ॥ ਵਾਰਸਸ਼ਾਹ ਜੋ ਅਹਦ ਈਮਾਨ ਵੇਸੇ ਤਿਨਾਂ ਜਾਇ ਡੇਰੇ ਵਿਚ ਗੋਰ ਕੀਤੇ ॥

॥ ਖਤ ਭੇਜਨਾ ਹੀਰ ਦਾ ਪਹਿਲੀ ਵਾਰੀ ਅਫਸੋਸ ਵਿਚ ॥

ਪਿਛੋਂ ਹੀਰਨੇ ਇੱਕ ਜਵਾਬਲਿਖਿਆ ਦਗ਼ੇਬਾਜ਼ਜਹਾਨ ਭੀ ਹੋਇ ਰਿਹਾ॥ਕਹਿਨ ਹੋਰਤੇ ਹੋਰ ਕਮਾਂਵਦੇ ਨੀ ਕਈ ਲੋਕ ਇਸ ਕੰਮ ਵਿਚ ਹੋਇ ਰਿਹਾ ॥ ਓੜਕ ਵੇਖਕੇ ਦੰਮ ਧੀਆਂ ਵੇਚੀਆਂ ਨੇ ਰਾਂਝਾ ਮੇਲ ਮੁਸ਼ਾਹਿਦਾ ਵੇਇ ਰਿਹਾ॥ਵਾਰਸਸ਼ਾਹ ਕੀ ਫ਼ਾਇਦਾ ਜੀਉਂਦਿਆਂ ਦਾ ਜੇਹੜਾ ਹੋਵਣਾਸੀ ਕੰਮ ਹੋਇ ਰਿਹਾ ॥

॥ ਕਲਾਮ ਰਾਂਝਾ ॥

ਧਾਰੋ ਠਗ ਸਿਆਲ ਤਹਕੀਕ ਜਾਣੋ ਧੀਆਂ ਠਗਣੀਆਂ ਦਗਾ ਸਿਖਾਂਵਦੇਨੀ॥ ਪੁੱਤ੍ਰ ਠੱਗ ਸਰਦਾਰਾਂ ਦੇ ਮਿਠਿਆਂ ਹੋ ਉਨ੍ਹੂੰ ਮਹੀਂਦਾ ਚਾਕ ਬਣਾਂਵਦੇ ਨੀ॥ਕੌਲ ਹਾਰ ਜ਼ੁਬਾਨਦਾ ਸਾਕ ਖੋਹਨ ਚਾਇ ਪੇਂਵਦੇ ਹੋਰ ਖੇਲਾਂਵਦੇਨੀ॥ਦਾੜ੍ਹੀ ਸ਼ੇਖ਼ਦੀ ਕੰਮ ਕਮਾਈਆਂ ਦੇ ਬੈਠ ਪਰ੍ਹੇ ਵਿਚ ਪੈਂਚ ਸਦਾਂਵਦੇ ਨੀ ॥ ਜੱਟ

ਚੋਰ ਤੇ ਯਾਰਦੇ ਰਾਹਮਾਰਨ ਭੈੜੀ ਮੋਂਹਦੇ ਤੇ ਸੰਨਾਂ ਲਾਂਵਦੇ ਨੀ ॥ ਵਾਰਸਸ਼ਾਹ ਏਹ ਜੱਟਨੀ ਠੱਗ ਸਭੇ ਦਗ਼ੇਬਾਜ਼ ਏਹ ਜੱਟ ਬਣਾਉਂਦੇ ਨੀ ॥

॥ ਕਲਾਮ ਸ਼ਾਇਰ ॥

ਡੋਗਰ ਜੱਟ ਇਮਾਨਨੂੰ ਵੇਚ ਖਾਂਦੇ ਧੀਆਂ ਮਾਰਦੇ ਤੇ ਪਾੜ ਲਾਂਵਦੇਨੀ॥ਤਰਕ ਕੌਲ ਹਦੀਸਦੀ ਨਿਤਕਰਦੇ ਚੋਰੀਯਾਰੀ ਬਿਆਜਨੂੰ ਖਾਂਵਦੇਨੀ॥ਜੇਹੇ ਆਪ ਹੋਵਨ ਤੇਹੀਆਂ ਔਰਤਾਂ ਨੀਂਬੇਟੇ ਬੇਟੀਆਂ ਚੋਰੀਆਂ ਲਾਂਵਦੇ ਨੀ ॥ ਜੇਹੜਾ ਚੋਰ ਤੇ ਰਾਹਜ਼ਨ ਖ਼ੁਆਰ ਹੋਵੇ ਉਹਦੀ ਬੜੀ ਤਾਰੀਫ਼ ਸੁਣਾਂਵਦੇ ਨੀ ॥ ਜੇਹੜੇ ਆਖ ਕੁੜਮਾਈਆਂ ਖੋਹ ਲੈਂਦੇ ਦੇਖੋ ਰੱਬ ਤੇ ਮੌਤ ਭੁਲਾਂਵਦੇਨੀ ॥ ਵਾਰਸਸ਼ਾਹ ਮੀਆਂ ਦੋ ਦੋ ਖਸਮ ਦੇਂਦੇ ਨਾਲ ਬੇਟੀਆਂ ਵੈਰ ਕੁਮਾਂਵਦੇ ਨੀ ॥

॥ ਕਲਾਮ ਸ਼ਾਇਰ ॥

ਜਦੋਂ ਗਾਨੜੇਦੇ ਦਿਨ ਪੁਜਦੁਕੇਲੱਸੀ ਮੁੰਦ੍ਰੀ ਖੇਡਨੇਆਈਆਂ ਨੀ॥ਪਈਧੁਮਕਹਾਇਅੱਜਗਾਨੜੇਦੀ ਫਿਰਨ ਖ਼ੁਸ਼ੀਦੇ ਨਾਲ ਸਦਾਈਆਂਨੀ॥ਹੋਯਾ ਸੱਦਾ ਅਵਾਜ ਜਟੇਟੀਆਂ ਨੂੰ ਕੁੜੀਆਂ ਹੁਮਹੁਮਾਇਕੇ ਆਈਆਂ ਨੀ॥ਮੌਜੀ ਵਰਗ ਗੁਲਾਬ ਰਵੇਲ ਚੰਬਾ ਸਿਰੀਂ ਅਤਰ ਫੁਲੇਲ ਮਲ ਆਈਆਂ ਨੀ ॥ ਇਕਨਾਂ ਜ਼ਾਫਲਲੌਂ ਗਕਾਫੂਰਪਾਏਇਕ ਘੱਤ ਛਲੀਲੜੇਆਈਆਂਨੀ॥ ਨਵਾਂਤੁਖ਼ਤ ਵਜਾਹਦਾ ਸੱਜਰਾਈਖ਼ੁਸ਼ਬੋਈਆਂ ਖ਼ੂਬਸੁਹਾਈਆਂ

ਨੀ॥ਛੁਟ ਆਈ ਖ਼ੁਸ਼ਬੋ ਬਹਾਰ ਦੀ ਜੀ ਰੰਗਾ ਰੰਗਦੀ ਮੁਸ਼ਕ
ਲੈ ਆਈਆਂ ਨੀ ॥ ਗਈ ਮਹਿਕ ਹਵੇਲੀ ਤੇ ਸਭ ਗਲੀਆਂ
ਸ਼ਾਲਾਮਾਰ ਦਾ ਬਾਗ਼ ਦਿਖਾਈਆਂ ਨੀ ॥ਬਲਨ ਵਾਂਗ ਦਿਵਾਲੀ
ਜਟੇਟੀਆਂ ਨੀ ਜਿਉਂ ਚਰਾਗੀਆਂ ਬਾਲ ਟਿਕਾਈਆਂ ਨੀ॥
ਮਾਰਨ ਹੁਸਨ ਦੀ ਆਬ ਜਟੇਟੀਆਂ ਨੀ ਕਿਨਾਂ ਧੋਬੀਆਂ ਖੂੰਬ
ਚੜ੍ਹਾਈਆਂ ਨੀ॥ ਕੇਹੀ ਕਰਾਂ ਤਾਰੀਫ਼ ਜ ੇਟੀਆਂ ਦੀ ਜਿਉਂ
ਖਰਾਦੀਆਂ ਡੱਬੀਆਂ ਲਾਹੀਆਂ ਨੀ ॥ਨਹੀਂ ਖ਼ੁਸ਼ੀ ਜਹਾਨ ਦੀ
ਹੋਰ ਕਾਈ ਵਹੁਟੀ ਗੱਭਰੂ ਨਾਲ ਖਿਡਾਈਆਂ ਨੀ॥ਸੂਬੇਦਾਰ
ਜੋ ਲਏ ਲਾਹੌਰ ਦੀ ਜੀ ਖੇੜੇ ਏਹ ਫ਼ੌਜਦਾਰੀਆਂ ਪਾਈਆਂ ਨੀ
॥ ਸੈਦਾ ਲਾਲ ਪੀਹੜੇ ਉਤੇ ਆਇ ਬੈਠਾ ਕੁੜੀਆਂ ਵਹੁਟੀਆਂ ਪਾਸ
ਬਹਾਈਆਂ ਨੀ ॥ ਦੁਆਲੇ ਹੀਰ ਨੂੰ ਚਾਇ ਬਹਾਂਦੀਆਂ ਨੀ
ਅੱਗੇ ਵਿਚ ਪਰਾਤ ਧਰਾਈਆਂ ਨੀ॥ਲੱਸੀ ਵਿੱਚ ਚਾ ਮੁੰਦਰੀ
ਪਾਂਦੀਆਂ ਨੇ ਹੱਥ ਮਾਰਨ ਨਾਲ ਅਦਾਈਆਂ ਨੀ॥ਹੱਥੋਂ ਵਹੁਟੜੀ
ਸ਼ੋਖ ਵਧੀਕ ਹੋਣਾ ਹੀਰ ਕਰੇ ਨਾ ਮੂਲ ਚਤੁਰਾਈਆਂ ਨੀ॥
ਅੱਗੋਂ ਸੈਦੇ ਨੂੰ ਵੇਖ ਰੰਜੂਲ ਹੋਈ ਬੱਧੀ ਬੱਕਰੀ ਪਾਸ ਕਸਾਈਆਂ
ਨੀ॥ ਵਹੁਟੀ ਗੱਭਰੂ ਖੇਲ੍ਹਦੇ ਗਾਨੜੇ ਨੂੰ ਵਾਂਗ ਕੁਕੜਾਂ ਕਰਨ
ਲੜਾਈਆਂ ਨੀ ॥ ਖਿੜੀਆਂ ਵਾਂਗ ਰਵੇਲ ਜਟੇਟੀਆਂ ਨੀ
ਫਿਰੀਆਂ ਹੀਰ ਦੇ ਮੂੰਹ ਜ਼ਰਦਾਈਆਂ ਨੀ ॥ ਪਕੜ ਹੀਰ ਦੇ
ਹੱਥ ਪਰਾਤ ਪਾਏ ਬਾਹਾਂ ਮੁਰਦਿਆਂ ਵਾਂਗ ਪਲਮਾਈਆਂ ਨੀ॥
ਮੁੰਦ੍ਰੀ ਹੀਰ ਨਾ ਦੇ ਜਟੇਟੜੇ ਨੂੰ ਦਿਲ ਹੀਰ ਦੇ ਲਹਿਰ ਸਵਾਈਆਂ

ਨੀ॥ ਕੁੜੀਆਂ ਆਖਦੀਆਂ ਖੇਲ੍ਹ ਤ੍ਰਿੰਞਣ ਨੂੰ ਅੰਦਰ ਹੀਰ ਦੇ ਹੋਨ ਵਧਾਈਆਂ ਨੀ ॥ ਗਾਨਾ ਏਸਨੇ ਮੂਲ ਨਾਂ ਖੇਲ੍ਹਣਾਈਂ ਸ਼ਾਹਾਂ ਛੇੜਿਆਂ ਮਾਰ ਮੁਕਾਈਆਂ ਨੀ॥ ਮੈਂ ਹੀਰ ਨੂੰ ਕਸਮ ਹੈ ਪੀਰ ਦੀ ਜੀ ਕਿਨ੍ਹਾਂ ਜਾਦੂਆਂ ਮਾਰ ਸੁਕਾਈਆਂ ਨੀ॥ ਬੂਟੇ ਏਸਨੇ ਮੂਲ ਨਾਂ ਟਹਿਕਣਾਈਂ ਰੁਤੀਂ ਲੱਖ ਬਹਾਰ ਦੀਆਂ ਆਈਆਂ ਨੀ॥ ਗੀਟ੍ਹਾਂ ਖੇਲਦੀਆਂ ਓਹ ਜਟੇਟੀਆਂ ਨੀ ਜੋ ਖੁਸ਼ੀ ਦੇ ਨਾਲ ਵਿਆਹੀਆਂ ਨੀ॥ ਸੁਣਿਆਂ ਸੁਖਨ ਜਟੇਟੀਆਂ ਹੀਰ ਕੋਲੋਂ ਉਸੇ ਵਕਤ ਹੀ ਉਠ ਸਿਧਾਈਆਂ ਨੀ ॥ ਚਲੀਆਂ ਭੰਨ ਭੰਡਾਰ ਤੇ ਛਾ ਚਰਖੇ ਕਿਸੇ ਫੇਰ ਨਾ ਮੋੜ ਬਹਾਈਆਂ ਨੀ ॥ ਹੀਰ ਸੋਨ ਸਪੱਤ ਜਟੇਟੀਆਂ ਦੀ ਲੱਸੀ ਡੋਲ ਪਰਾਤ ਉਠਾਈਆਂ ਨੀ॥ ਸਾਨੂੰ ਆਸ ਉਮੈਦ ਬਰ ਸਾਉਦੀ ਸੀ ਧੂੰਧੂਕਾਰ ਹੋ ਫੇਰ ਘੁਲਾਈਆਂ ਨੀ॥ ਇਕ ਦੂਸਰੀ ਦੇ ਨਾਲ ਮੁਖ ਜੋੜਨ ਬੇਉਮੈਦ ਹੋ ਘਰਾਂ ਨੂੰ ਆਈਆਂ ਨੀ ॥ ਵਾਰਸ ਸ਼ਾਹ ਮੀਆਂ ਨੈਣਾਂ ਹੀਰ ਦਿਆਂ ਨੇ ਵਾਂਗ ਬੱਦਲਾਂ ਛਹਬਰਾਂ ਲਾਈਆਂ ਨੀ॥

॥ ਭਾਬੀਆਂ ਚਿੱਠੀ ਲਿਖਾਇ ਭੇਜੀ ਰਾਂਝੇ ਨੂੰ ॥

ਘਰ ਖੇੜਿਆਂ ਦੇ ਜਦੋਂ ਹੀਰ ਗਈ ਚੁਕ ਗਏ ਤਗਾਦੜੇ ਸਭ ਝੇੜੇ ॥ ਵਿੱਚ ਸਿਆਲਾਂ ਦੇ ਚੁਪ ਚੁਪਾਤ ਹੋਈ ਅਤੇ ਖੁਸ਼ੀ ਹੋ ਬੈਠੇ ਨੇ ਸਭ ਖੇੜੇ॥ ਫ਼ੌਜਦਾਰ ਤਗੱਯਰ ਹੋ ਆਨ ਬੈਠਾ ਕੋਈ ਰਾਂਝੇ ਦੇ ਪਾਸ ਨਾ ਪਾਇ ਫੇਰੇ॥ ਵਿੱਚ ਤਖ਼ਤ ਹਜ਼ਾਰੇ ਦੇ ਹੋਨ ਗੱਲਾਂ ਅਤੇ ਰਾਂਝੇ ਦੀਆਂ ਭਾਬੀਆਂ ਕਰਨ ਝੇੜੇ॥ ਚਿੱਠੀ ਲਿਖ ਏਹ

ਹੀਰਦੀ ਉਜ਼ਰ ਖਾਹੀ ਜਿਵੇਂ ਮੋਏ ਨੂੰ ਪੁਛੀਏ ਹੋਇ ਨੇੜੇ॥ ਹੋਈ ਲਿਖੀ ਰਜ਼ਾਇਦੀ ਰਾਂਝਿਆਵੇ ਸਾਡੇ ਅੱਲੜੇ ਘਾਉ ਨੀ ਤੁਧ ਛੇੜੇ॥ ਮੁੜਕੇ ਆਉ ਨ ਵਿਗੜਿਆ ਕੁਝ ਤੇਰਾ ਲਟਕੇਂਦੜਾ ਘਰੀਂ ਤੂੰ ਪਾਉ ਫੇਰੇ ॥ ਜੇਹੜੇ ਫੁੱਲਦੀ ਨਿਤ ਤੂੰ ਕਰੇਂ ਰਾਖੀ ਉਸ ਫੁੱਲ ਨੂੰ ਪਕੜ ਲੈ ਗਏ ਖੇੜੇ॥ ਜਿਸ ਵਾਸਤੇ ਫਿਰੇਂ ਤੂੰ ਵਿਚ ਝੱਲਾਂ ਜਿੱਥੇ ਬਾਘ ਬਘੇਲੇ ਤੇ ਸ਼ੀਂਹ ਭੇੜੇ ॥ ਕੋਈ ਨਹੀਂ ਵਿਸਾਹੁ ਕੁਆਰੀਆਂਦਾ ਏਵੇਂ ਲੋਕ ਨਿਕੰਮੜੇ ਕਰਨ ਝੇੜੇ ॥ ਤੂੰ ਤਾਂ ਮਿੰਨਤਾਂ ਮੈਂ ਦਿਨੇ ਰਾਤ ਕਰਦਾ ਵੇਖ ਕੁਦਰਤਾਂ ਰਬਦੀਆਂ ਕੌਣ ਫੇਰੇ॥ ਉਸ ਜੂਹ ਵਿਚ ਫੇਰਨਾਂ ਪੀਣ ਪਾਣੀ ਘੁਸ ਜਾਣ ਤੇਹੇਜ਼ੀਆਂ ਮੂੰਹ ਫੇਰੇ॥ ਵਾਰਸਸ਼ਾਹ ਮੀਆਂ ਨਜ਼ਰਾਂ ਮੰਨੀਆਂ ਹਾਂ ਖ੍ਵਾਜਾ ਖ਼ਿਜ਼ਰ ਚਰਾਗ਼ਤੇ ਲਏ ਪੇੜੇ ॥

॥ ਕਲਾਮ ਰਾਂਝਾ ॥

ਭਾਬੀ ਖ਼ਿਜ਼ਾਂਦੀ ਰੁਤ ਜਾਂ ਆਨ ਪੁੰਨੀ ਭੌਰਿਆਂ ਮਰੇਤੇ ਪਏ ਜਾਲਦੇ ਨੀ॥ ਸੇਵਨ ਬੂਲ ਬੂਲਾਂ ਬੂਟਿਆਂ ਸੁਕਿਆਂ ਨੂੰ ਫੇਰ ਫੁੱਲ ਲੱਗਨ ਨਾਲ ਭਾਲਦੇ ਨੀ॥ ਅਸਾਂ ਜਦ ਕਦ ਓਨਾਂ ਪਾਸ ਜਾਣਾਂ ਜੇਹੜੇ ਮਹਿਰਮ ਅਸਾਡੜੇ ਹਾਲਦੇ ਨੀ॥ ਲੋਕਾਂ ਰੂਬਰੂ ਦਾ ਪੈਗ਼ਾਮ ਘੱਲਨ ਏਹ ਗੱਲ ਕਿਵੇਂ ਮਗਰੋਂ ਟਾਲਦੇ ਨੀ ॥ ਜਿਨ੍ਹਾਂ ਸੂਲੀਆਂ ਤੇ ਚੜ੍ਹ ਲਏ ਝੂਟੇ ਮਨਸੂਰ ਹੋਰੀ ਸਾਡੇ ਨਾਲ ਦੇ ਨੀ ॥ ਵਾਰਸਸ਼ਾਹ ਜੋ ਗਏ ਸੋ ਨਹੀਂ ਮੁੜਦੇ ਲੋਕ ਅਸਾਥੋਂ ਆਵਣਾ ਭਾਲਦੇ ਨੀ ॥

## ॥ ਕਲਾਮ ਰਾਂਝਾ ॥

ਮੈਂਜੂ ਚੌਧਰੀਦਾ ਪੁਤ੍ਰ ਚਾਕਕੀਤਾਇਹ ਪੇਖਣੇਜੱਲ ਜਲਾਲਦੇ ਨੀ॥ਇਸ ਇਸ਼ਕ ਪਿਛੇ ਲੜਮੋਏਸੂਰੇ ਸਭਾਂਛੋਬਦੇਖੂਹਣੀਆਂ ਗਾਲਦੇਨੀ ॥ ਭਾਬੀ ਇਸ਼ਕਤੋਂ ਨੱਸਕੇ ਓਹ ਜਾਂਦੇ ਪੁਤ੍ਰਹੋਨ ਜੋ ਕਿਸੇ ਕੰਗਾਲਦੇ ਨੀ ॥ ਮਾਰੇ ਬੋਲੀਆਂ ਦੇ ਘਰੀਂ ਨਹੀਂ ਵੜਦੇ ਵਾਰਸਸ਼ਾਹ ਹੋਰੀਂ ਵਿਰਨ ਭਾਲਦੇ ਨੀ ॥

## ॥ ਕਲਾਮ ਸ਼ਾਇਰ ॥

ਗਈ ਉਮਰਤੇਵਕਤ ਫਿਰਨਹੀਂ ਮੁੜਦੇਗਏਕਰਮਤੇ ਭਾਗ ਨਾਂ ਆਂਵਦੇ ਨੀ ॥ ਗੱਲ ਗਈ ਜੁਬਾਨਥੀਂ ਤੀਰਛੁਟਾ ਗਏ ਰੂਹ ਕਲਬੂਤ ਨਾ ਆਂਵਦੇਨੀ ॥ ਗਈ ਜਾਨ ਜਹਾਨਤੇ ਛੱਡ ਜੂਸਾ ਕਈ ਹੋਰ ਸਿਆਣੇ ਫ਼ਰਮਾਂਵਦੇਨੀ ॥ ਮੁੜਏਤਨੇ ਫੇਰ ਨਾਂ ਆਂਵਦੇਨੀਰਾਂਝੇਯਾਰਹੋਰੀ ਮੁੜ ਆਂਵਦੇਨੀ॥ਵਾਰਸਸ਼ਾਹ ਮੀਆਂ ਸਾਨੂੰ ਕੌਣਦੱਸੇ ਭਾਈਭਾਬੀਆਂਹੁਕਮਚਲਾਂਵਦੇ ਨੀ॥ ਅੱਗੇ ਵਾਹੀਓਂ ਚਾਗਵਾਇਓ ਜੇ ਹੁਣ ਏਸਥੀਂਚਾ ਗਵਾਂਵਦੇ ਨੀ ॥ ਰਾਂਝੇ ਯਾਰ ਹੋਰਾਂ ਇਹ ਥਾਊਂ ਛੱਡੀ ਕਿਤੇਜਾਇਕੇਕਿਨ ਪੜ੍ਹਾਂਵਦੇ ਨੀ॥ਇਕੇ ਆਪਣੀਜਿੰਦਗਵਾਂਵਦੇਨੀਇਕੇ ਹੀਰ ਜਟੇਟੀ ਲੈ ਆਂਵਦੇ ਨੀ॥ ਵੇਹਰੇ ਜੱਟ ਹੁਣਫੰਦ ਚਲਾਂਵਦੇ ਨੀ ਵਾਰਸਸ਼ਾਹ ਦੀ ਆਸ ਪੁਚਾਂਵਦੇ ਨੀ ॥

## ॥ ਸਲਾਹ ਖੇੜਿਆਂ ॥

ਮਸਲਤ ਹੀਰ ਦਿਆਂ ਸਹੁਰਿਆਂ ਏਹੁ ਕੀਤੀ ਮੁੜਹੀਰਨਾ

ਪੇਕੜੇ ਘੱਲਣੀਜੇ॥ ਮੁੜ ਚਾਕ ਹੁਣ ਚੰਬੜੇ ਨਾਲ ਭਾਈਆ ਏਹ ਗੱਲ ਕੁਸਾਖ ਦੀ ਚੱਲਣੀ ਜੇ ॥ ਆਖ਼ਰ ਰੰਨਾਂ ਦੀ ਜ਼ਾਤ ਬੇਵਫ਼ਾ ਹੁੰਦੀ ਜਾਨ ਪੇਧੜੇ ਘਰੀਂ ਏਹ ਮੱਲਣੀਜੇ ॥ ਵਾਰੇਸ਼ਾਹ ਦੇ ਨਾਲ ਨ ਮਿਲਨ ਦੀਜੇ ਏਹ ਗੱਲ ਨਾ ਕਿਸੇ ਉ ਬੱਲਣੀਜੇ॥

॥ ਸਦਾ ਆਇਆ ਹੀਰ ਦੇ ਪਲੰਘ ਉੱਤੇ ॥

ਇਕ ਰਾਤ ਸੈਦਾ ਬਹੁਤ ਖ਼ੁਸ਼ੀ ਹੋਕੇ ਪਲੰਘ ਹੀਰ ਦੇ ਤੇ ਜਾਇ ਪੈਰ ਧਰਦਾ ॥ ਹੀਰ ਆਖਦੀ ਅਜੇ ਨਿਮਾਜ਼ ਪੜ੍ਹਨੀ ਸੈਦਾ ਖ਼ੁਜਕੇ ਤੇ ਜ਼ਬਰ ਜੋਰ ਕਰਦਾ ॥ ਹੀਰ ਯਾਦ ਕੀਤਾ ਪੀਰ ਆਪਣੇ ਨੂੰ ਹਾਜ਼ਰ ਹੋਇਕੇ ਪੁਛਣਾ ਪੀਰ ਕਰਦਾ ॥ ਹੀਰ ਕਹੈ ਅਮਾਨ ਮੈਂ ਰਾਂਝਣੇ ਦੀ ਪੀਰ ਸੈਦੇ ਨੂੰ ਪਕੜ ਖ਼ਮੀਰ ਕਰਦਾ॥ ਹੱਥ ਪੈਰ ਉਸਦੇ ਸਭ ਚੂਰ ਕਰਕੇ ਪੀਰ ਬੰਨ ਮੁਸ਼ਕਾਂ ਥਾ ਅਸੀਰ ਕਰਦਾ ॥ ਵਾਰਸਸ਼ਾਹ ਸੈਦਾ ਹੱਥ ਜੋੜਦਾਈ ਮੈਂ ਤਾਂ ਭੁਲ ਗਿਆ ਬੱਝੀਂ ਪੀਰ ਬਰਦਾ ॥

॥ ਹੀਰ ਨੇ ਇਸ਼ਨਾਨ ਕੀਤਾ ॥

ਫ਼ਜ਼ਰ ਹੋਈ ਉੱਠਕੇ ਹੀਰ ਜੱਟੀ ਬੈਠ ਅੰਙਣੇ ਵਿਚ ਇਸ਼ਨਾਨ ਕੀਤਾ॥ ਊਂਧੀ ਪਾਇਕੇ ਗ਼ਮਾਂ ਦੇ ਵਿਚ ਬੈਠੀ ਰਾਂਝੇ ਯਾਰ ਦੀ ਵਲ ਧਯਾਨ ਕੀਤਾ ॥ ਕਿਤੇ ਰਾਂਝਣਾ ਨਜ਼ਰ ਨ ਆਂਵਦਾਈ ਇਸੇ ਵਕਤ ਹੈ ਜੀਉ ਗ਼ਲਤਾਨ ਕੀਤਾ॥ ਵਾਰਸਸ਼ਾਹ ਫ਼ਿਰਾਕ ਦੇ ਨਾਲ ਉਸਨੇ ਬਾਰਾਂਮਾਹ ਦਾ ਜ਼ਿਕਰ ਬਿਆਨ ਕੀਤਾ ॥

---

॥ ਜ਼ਿਕਰ ਮਾਹ ਸਾਵਣ ॥

ਚੜ੍ਹਿਆ ਸਾਵਣ ਮਾਹਿ ਅਜ਼ਾਬਵਾਲਾ ਬੰਨ੍ਹ ਮਾਪਿਆਂ ਨੇ ਡੋਲੀ ਪਾਈਆਂ ਮੈਂ॥ਰੋਇ ਰੋਇ ਬਹੁਤੇਰੜੇ ਜ਼ੋਰ ਕੀਤੇ ਕਾਜ਼ੀ ਖੇੜਿਆਂ ਦੇ ਨ੍ਹ ਵਿਵਾਈਆਂ ਮੈਂ॥ ਮੇਰਾ ਵੱਸ ਨਾ ਚੱਲਦਾ ਇਕ ਰੱਤੀ ਰਾਂਝੇ ਯਾਰ ਥੀਂ ਜੁਦਾ ਹੋ ਆਈਆਂ ਮੈਂ॥ਵਾਰਸਸ਼ਾਹ ਤਕਦੀਰ ਏਹ ਬਦੀ ਹੈ ਕੂੰਜ ਕਾਉਂ ਦੇ ਹੱਥ ਫੜਾਈਆਂ ਮੈਂ ॥

॥ ਜ਼ਿਕਰ ਮਾਹਿ ਭਾਦੋਂ ॥

ਚੜ੍ਹਦੇ ਭਾਦ੍ਰੋਂ ਰੋਂਦੀ ਹੈ ਹੀਰ ਜੱਟੀ ਮੈਨੂੰ ਰਾਂਝਣਾ ਨਜ਼ਰ ਨਾ ਆਵਦਾਈ ॥ ਰਾਤੀਂ ਨੀਂਦ ਨਾ ਆਂਵਦੀ ਸੇਜ ਉੱਤੇ ਦਿਨੇ ਚਰਖੜਾ ਮੂਲ ਨਾ ਭਾਂਵਦਾਈ॥ ਕੁੜੀਆਂ ਪਿੰਡ ਦੀਆਂ ਨਿੱਤ ਅਕਾਉਂਦੀਆਂ ਨੀ ਮੈਨੂੰ ਬਿਰਹੋਂ ਫ਼ਿਰਾਕ ਸਤਾਉਂਦਾਈ॥ਵਾਰਿਸ਼ਾਹ ਅਲਾਹ ਬਿਨ ਤਾਂਘ ਨਾਹੀਂ ਵੇਖਾਂ ਰਾਂਝਣਾ ਕਦੋਂ ਮਿਲਾਂਵਦਾਈ॥

॥ ਜ਼ਿਕਰ ਮਾਹ ਅੱਸੂ ॥

ਅੱਸੂ ਆਸ ਅਲਾਹ ਦੀ ਰੱਖ ਲਈ ਹੋਰ ਵਾਹ ਬੈਠੀ ਸੱਭੇ ਫੇਰੀਆਂ ਮੈਂ॥ਰਾਂਝਾ ਯਾਰ ਮਿਲਾ ਤੂੰ ਇਕ ਵਾਰੀ ਓਹਦੇ ਇਸ਼ਕ ਫ਼ਿਰਾਕ ਨੇ ਘੇਰੀਆਂ ਮੈਂ॥ਓਹਨੂੰ ਸ਼ੌਕ ਦੇ ਨਾਲ ਗਲ ਲਾਂਵਦੀ ਸਾਂ ਮੂੰਹੋਂ ਆਖਦੀ ਸਾਂ ਤੇਰੀ ਤੇਰੀਆਂ ਮੈਂ ॥ਵਾਰਸਸ਼ਾਹ ਨੇ ਦਿਲੋਂ ਕਿਉਂ ਜੁਦਾ ਕੀਤੀ ਅਰਜ਼ਾਂ ਕੀਤੀਆਂ ਰੋਇ ਬਹੁਤੇਰੀਆਂ ਮੈਂ॥

॥ ਜ਼ਿਕਰ ਮਾਹਿ ਕੱਤਕ ॥

ਕੱਤਕ ਮਾਹ ਵਿੱਚ ਸਹੇਲੀਓ ਨੀ ਮੇਰਾ ਜੀਉ ਚਾਹੇ ਛੇਲੇ

ਜਾਵਣੇ ਨੂੰ॥ਪੇਕੇ ਹੁੰਦੀਤੇ ਬੇਲੇ ਮੈਂ ਵੰਞਦੀ ਸਾਂ ਰਾਂਝੇ ਯਾਰ ਦੇ ਅੰਗ ਲਗਾਂਵਣੇ ਨੂੰ॥ਕਿਤੇ ਸੋਹਣਾ ਨਜ਼ਰਨਾ ਆਂਵਦਾਏ ਦਿਲ ਚਾਂਵਦਾ ਨਹੀਂ ਕਿਸੇ ਢਾਵਣੇ ਨੂੰ॥ਵਾਰਸਸ਼ਾਹ ਰੰਝੇਟੇ ਨੂੰ ਨਾਲ ਲੈਕੇ ਦੂਰ ਜਾਂਦੀ ਝਨਾਇ ਤੇ ਨ੍ਹਾਵਣੇ ਨੂੰ ॥

॥ ਜਿਕਰ ਮਾਹਿ ਮੱਘਰ ॥

ਮੱਘਰ ਮਾਹਿਦੇਵਿਚ ਪਏ ਦੁਖ ਬਹੁਤੇਦਿਲ ਚਾਹੁੰਦਾਹੈਮਿਲੇ ਆਨ ਰਾਂਝਾ॥ਤੇਰਾ ਬੀਬੜਾ ਮੁਖ ਤੇ ਨੈਨ ਨਿੰਮੇ ਵਡੀਸੋਹਣੀ ਹੈ ਤੇਰੀ ਸ਼ਾਨ ਰਾਂਝਾ॥ਸੈਆਂ ਜੁਆਨਾਂਦਾ ਭਲਾ ਤੂੰ ਚਾਕਮੇਰਾ ਤੇਰੇ ਜੇਹਾਨਕੋਈ ਜੁਆਨ ਰਾਂਝਾ॥ ਵਾਰਸਸ਼ਾਹ ਕੁਰਲਾਂਵਦੀ ਰਾਤ ਦਿਨੇ ਆਇ ਮਿਲੀਂ ਨਾ ਕਰੀਂ ਗੁਮਾਨ ਰਾਂਝਾ ॥

॥ ਜ਼ਿਕਰ ਮਾਹਿ ਪੋਹ ॥

ਪੋਹ ਮਾਹ ਵਿਚ ਕੰਬਦੀ ਜਾਨ ਮੇਰੀ ਮੈਂ ਅਕੱਲੜੀ ਸੇਜਤੇ ਸੋਵਨੀ ਹਾਂ ॥ ਮੈਨੂੰ ਰੋਂਦਿਆਂ ਰਾਤ ਵਿਹਾਂਵਦੀ ਹੈ ਫ਼ਜ਼ਰ ਹੋਂਦਿਆਂ ਉਠ ਖਲੋਵਨੀ ਹਾਂ॥ਜਿਸ ਵਕਤ ਕੋਈ ਘਰ ਨਹੀਂ ਹੁੰਦਾ ਤਾਂ ਮੈਂ ਬੈਠ ਨਵੇਕਲੇ ਰੋਵਨੀ ਹਾਂ ॥ ਰਾਂਝਾ ਮਲ ਨਾ ਆਂਵਦਾ ਨਜ਼ਰ ਮੈਨੂੰ ਵਾਰਸ ਹੰਝੂ ਦੇ ਹਾਰ ਪਰੋਵਨੀ ਹਾਂ॥

॥ ਜ਼ਿਕਰ ਮਾਹਿ ਮਾਂਘ ॥

ਚੜ੍ਹਦੇ ਮਾਘ ਨੂੰ ਜੀਉ ਉਦਾਸ ਹੋਇਆ ਦਿਲ ਚਾਹੁੰਦਾਏ ਜ਼ਹਿਰ ਖਾਇ ਮਰੀਏ॥ਇਕੋ ਮੇਲ ਸਾਈਆਂ ਰਾਂਝਾ ਯਾਰਮੈਨੂੰ ਜ਼ਾਇਆ ਜਾਨਣਾ ਏਵੇਂ ਵੰਵਾਇ ਮਰੀਏ॥ਰਹੇ ਦਿਲਦੇਵਿਚ

ਅਫ਼ਸੋਸ ਨਾਹੀਂ ਯਾਰ ਰੱਜ ਕੇ ਗਲੇ ਲਗਾਇ ਮਰੀਏ॥ ਵਾਰੇਸ਼ਾਹ ਦਰਗਾਹ ਨ ਮਿਲੇ ਢੋਈ ਜੇਕਰ ਯਾਰ ਨੂੰ ਮਨੋਂ ਭੁਲਾਇ ਮਰੀਏ॥

॥ ਜ਼ਿਕਰ ਮਾਂਹ ਫਗਨ॥

ਫੱਗਨ ਮਾਹ ਦੀ ਰੁੱਤ ਜਦ ਆਨ ਪਹੁੰਚੀ ਖਿੜੇ ਬਾਗ਼ ਤੇ ਖ਼ੂਬ ਬਹਾਰ ਹੋਈ॥ ਸਭ ਬੂਟਿਆਂ ਨੂੰ ਲੱਗੇ ਫੁੱਲ ਤਾਜ਼ੇ ਹਰੇ ਚਮਨ ਦੇ ਵਿਚ ਗੁਲਜ਼ਾਰ ਹੋਈ॥ ਲੋਕ ਹੱਸਦੇ ਤੇ ਪਏ ਖੇਡਦੇ ਨੀ ਸਾਡੇ ਭਾਏ ਦੀ ਤਾਂ ਖਸ ਖ਼ੁਆਰ ਹੋਈ ॥ ਵਾਰਸ ਸ਼ਾਹ ਰਾਂਝੇ ਬਿਨ ਹੀਰ ਜੱਟੀ ਦਿਨੋਂ ਦਿਨ ਤਾਂ ਆਨ ਬੀਮਾਰ ਹੋਈ ॥

॥ ਜ਼ਿਕਰ ਮਾਹ ਚੇਤ੍ਰ॥

ਚੜ੍ਹਦੇ ਚੇਤ੍ਰ ਮਾਂਹ ਨੂੰ ਸਭ ਸੱਈਆਂ ਰਲ ਬਿੰਦੀਆਂ ਟਿੱਕੜੇ ਲਾਂਦੀਆਂ ਨੀ॥ ਹਥੀਂ ਪਾਇ ਕੰਗਨ ਅਤੇ ਜ਼ਰੀ ਜ਼ੇਵਰ ਪੈਰੀਂ ਝਾਂਜਰਾਂ ਖ਼ੂਬ ਸੁਹਾਂਦੀਆਂ ਨੀ॥ ਨਾਲ ਸ਼ੌਕ ਦੇ ਘਰਾਂ ਦੇ ਵਿਚ ਜਾਕੇ ਫੁੱਲਾਂ ਰੰਗਲੀ ਸੇਜ ਵਿਛਾਂਦੀਆਂ ਨੀ ॥ ਵਾਰਸ ਸ਼ਾਹ ਇਕੱਲੜੀ ਹੀਰ ਜੱਟੀ ਹੋਰ ਕੰਤਾਂ ਨੂੰ ਅੰਗ ਲਗਾਂਦੀਆਂ ਨੀ॥

॥ ਜ਼ਿਕਰ ਮਾਹ ਵੈਸਾਖ ॥

ਚੜ੍ਹਦੇ ਮਾਹ ਵੈਸਾਖ ਨੂੰ ਹੀਰ ਜੱਟੀ ਰਾਂਝੇ ਯਾਰ ਦੇ ਬਾਝ ਹੈਰਾਨ ਹੋਈ॥ ਜ਼ਾਰੀ ਰੋਂਵਦੀ ਤੇ ਕੁਰਲਾਂਵਦੀ ਹੈ ਕੈਂਹਦੀ ਜਾਨ ਬੇਲਬ ਮੈਂ ਆਨ ਹੋਈ॥ ਰਾਂਝਾ ਯਾਰ ਮਿਲੇ ਤਾਂ ਮੈਂ ਜੀਵਨੀ ਹਾਂ ਉਸ ਦੇ ਨਾਮ ਤੋਂ ਮੈਂ ਕੁਰਬਾਨ ਹੋਈ॥ ਵਾਰਸ ਸ਼ਾਹ ਕਿਉਂ ਸਾਨੂੰ ਵਿਸਾਰ ਗਿਓਂ ਸਾਥੋਂ ਨਹੀਂ ਸੀ ਗੱਲ ਅਜਾਨ ਹੋਈ ॥

## ॥ ਜ਼ਿਕਰ ਮਾਹ ਜੇਠ ॥

ਚੜ੍ਹਦੇ ਜੇਠ ਮਹੀਨੇ ਦੀ ਧੁੱਪ ਚਮਕੇ ਸਾਡਾ ਜੀਵੜਾ ਕਲਮਲ ਆਇਆ ਈ ॥ ਸਾਥੋਂ ਐਡਾ ਕੀ ਹੋਇਆ ਗੁਨਾਹ ਪਸਾਰੇ ਤੂੰ ਸਾਂ ਦਿਲੇ ਥੀਂ ਚਾ ਇਭੁਲਾਇਆ ਈ ॥ ਮੈਂ ਤਾਂ ਬੰਦੀ ਹਾਂ ਦੱਮਾਂ ਦੇ ਬਾਝ ਤੇਰੀ ਤੇਰੇ ਬਾਝ ਮੈਂ ਹਾਲ ਵੰਞਾਇਆ ਈ॥ ਵਾਰਸਸ਼ਾਹ ਜ਼ਾਰੀਰੋਂ ਦੀ ਹੀਰ ਜੱਟੀ ਤੇਰੇ ਦਰਦ ਫ਼ਿਰਾਕ ਸਤਾਇਆ ਈ॥

## ॥ ਜ਼ਿਕਰ ਮਾਹਿ ਹਾੜ ॥

ਚੜ੍ਹਦੇ ਹਾੜ ਹੈਰਾਨ ਹੋ ਹੀਰ ਜੱਟੀ ਬਲਦੀ ਅੱਗ ਸੀਨੇ ਵਿੱਚ ਬੁਝ ਦੀ ਸੀ॥ ਬਾਤ ਦਿਲ ਦੀ ਖੋਲ੍ਹ ਨਾ ਦਸਦੀ ਸੀ ਵਾਂਗ ਸੀਖ ਕਬਾਬ ਦੇ ਭੁੱਜਦੀ ਸੀ॥ ਗਿਆ ਇਸ਼ਕ ਹੱਡਾਂ ਵਿੱਚ ਰਚ ਉਸਦੇ ਉੱਥੇ ਜ਼ੋਰ ਦੀ ਗੱਲ ਨਾ ਪੁੱਜਦੀ ਸੀ॥ ਵਾਰਸਸ਼ਾਹ ਰਾਂਝੇ ਬਾਝ ਹੀਰ ਤਾਈਂ ਕਾਈ ਜੱਗ ਦੀ ਬਾਤ ਨਾ ਸੁੱਝਦੀ ਸੀ ॥

## ॥ ਜੱਟੀ ਪੁੱਛਦੀ ਹੈ ਪੈਗ਼ਾਮ ਹੀਰ ਦਾ ॥

ਹੋਯਾ ਸਾਲ ਬਤੀਤ ਤੇ ਇਕ ਜੱਟੀ ਤਰਫ਼ ਝੰਗ ਸਿਆਲ ਦੇ ਤਯਾਰ ਹੋਈ ॥ ਕੋਲ ਹੀਰ ਦੇ ਜਾਇਕੇ ਬੈਠਦੀ ਹੈ ਕਹਿੰਦੀ ਤੇਰੇ ਤੋਂ ਮੈਂ ਬੇਜ਼ਾਰ ਹੋਈ॥ ਮੈਂ ਤਾਂ ਚੱਲੀ ਹਾਂ ਸਹੁਰਿਆਂ ਵੱਲ ਹੀਰੇ ਗੱਲ ਪੁੱਛਨੇ ਦੀ ਰਵਾਦਾਰ ਹੋਈ ॥ ਵਾਰਸਸ਼ਾਹ ਜੱਟੀ ਹੀਰ ਰੋਣ ਲੱਗੀ ਮੈਂ ਤਾਂ ਰਾਂਝਨੇ ਬਾਝ ਖ਼ੁਆਰ ਹੋਈ ॥

## ॥ ਸੱਟੀ ਪੁੱਛਦੀ ਹੈ ਸਨੇਹਾ ਹੀਰ ਤੋਂ ॥

ਇੱਕ ਵਹੁਟੜੀ ਸਾਹੁਰੇ ਚਲੀ ਸਜਾਲੀਂ ਆਈ ਹੀਰ ਥੋਂ ਲੈਣ

ਸਨੇਹਿਆਂ ਨੂੰ ॥ ਨੇਰੇ ਪੇਕੜੇ ਰਲੀਹਾਂ ਵੱਸ ਮੈਨੂੰ ਖੋਲ੍ਹ ਕਿਸਿਆਂ ਜੇਹਿਆਂ ਕੇਹਿਆਂ ਨੂੰ ॥ ਤੇਰਾ ਸਹੁਰਿਆਂ ਨਾਲ ਪਸਾਰ ਕੇਹਾ ਕਰੀਂ ਗਰਮ ਸਨੇਹਿਆਂ ਬੇਹਿਆਂ ਨੂੰ ॥ ਤੇਰੀ ਗੱਭਰੂ ਨਾਲ ਹੈ ਬਣੀ ਕੇਹੀ ਵਹੁਟੀਆਂ ਵਸਦੀਆਂ ਨੇ ਅਸਾਂ ਜੇਹਿਆਂ ਨੂੰ ॥ ਹੀਰ ਆਖਿਆ ਉਸਦੀ ਗੱਲ ਏਵੇਂ ਵੈਰ ਰੇਸ਼ਮਾਂ ਨਾਲ ਜਿਉਂ ਲੇਹਿਆਂ ਨੂੰ ॥ ਵਾਰਸ ਸ਼ਾਹ ਕਾਫ਼ ਲਾਮ ਤੇ ਮੀਮ ਬੋਲੇ ਕੀਹ ਆਖਣਾਂ ਏਹਿਆਂ ਜੇਹਿਆਂ ਨੂੰ ॥

॥ ਕਲਾਮ ਹੀਰ ॥

ਹੀਰ ਹੱਸ ਕੇ ਗਲ ਵਿਚ ਪਾਇ ਪੱਲਾ ਕਹੀਂ ਰਾਂਝੇ ਨੂੰ ਦੂਆਇ ਸਲਾਮ ਮੇਰਾ ॥ ਘੱਤ ਵੈਰੀਆਂ ਦੇ ਵੱਸ ਪਾਇਓ ਨੇ ਸਹੀਆਂ ਚਾਇ ਵਿਸਾਰਿਆ ਨਾਮ ਮੇਰਾ ॥ ਮੱਝ ਵਾਹ ਵਿਚ ਡੋਬਿਆ ਮਾਪਿਆਂ ਨੇ ਉਨ੍ਹਾਂ ਨਾਲ ਨਹੀਂ ਕੋਈ ਕਾਮ ਮੇਰਾ ॥ ਹੱਥ ਜੋੜ ਕੇ ਰਾਂਝੇ ਦੇ ਪੈਰ ਪਕੜੀਂ ਇਕ ਏਤਨਾ ਕਹੀਂ ਪੈਗ਼ਾਮ ਮੇਰਾ ॥ ਵਾਰਸ ਨਾਲ ਬੇਵਾਰਸਾਂ ਰਹਿਮ ਕੀਜੇ ਮੇਹਰਵਾਨ ਹੋਵੇ ਕਰੇ ਵੱਤ ਝੇੜਾ ॥

॥ ਕਲਾਮ ਹੀਰ ॥

ਤ੍ਰੁਟੀ ਕਹਿਰ ਕਲੂਰ ਸਿਰ ਪਰਵਾਬੇ ਤੇਰੇ ਫ਼ਿਰੋਂ ਫ਼ਿਰਾਕ ਨੇ ਮੁਠੀਆਂ ਮੈਂ ॥ ਸੂਈ ਤਾਪ ਕਲੇਜੜੇ ਵਿਚ ਧਾਣੇ ਨਹੀਂ ਜੀਵਣਾਂ ਮਰਨ ਤੇ ਰੁਠੀਆਂ ਮੈਂ ॥ ਚੋਰ ਪਵਨ ਰਾਤੀਂ ਘਰ ਸੁੱਤਿਆਂ ਦੇ ਦਿਨੇ ਵਿੱਚ ਬਜ਼ਾਰ ਦੇ ਮੁੱਠੀਆਂ ਮੈਂ ॥ ਨਹੀਂ ਛੱਡ ਘਰ ਬਾਰ

ਉਜਾੜ ਵੈਸਾਂ ਨਹੀਂ ਵੱਸਨਾ ਤੇ ਨਹੀਂ ਉੱਠੀਆਂ ਮੈਂ ॥ ਵਾਰਸਸ਼ਾਹ ਪ੍ਰੇਮ ਦੀਆਂ ਲੁੱਟੀਆਂ ਨੂੰ ਮਾਰ ਏਸ ਵਛੋੜੇ ਨੇ ਸੁੱਟੀਆਂ ਮੈਂ ॥

॥ ਜੱਟੀ ਪੁਛਦੀ ਹੈ ਪਤਾ ਰਾਂਝੇ ਦਾ ਕੁੜੀਆਂ ਪਾਸੋਂ ॥

ਵਹੁਟੀ ਆਨਕੇ ਸਾਹੁਰੇ ਵੜੀ ਜਿਸ ਦਿਨ ਪੁਛੇ ਚਾਕ ਸਿਆਲਾਂ ਦਾ ਕੇਹੜਾ ਨੀ ॥ ਮੰਗੂ ਚਾਰਦਾ ਸੀ ਜੇਹੜਾ ਚੂਚਕੇ ਦਾ ਮੁੰਡਾ ਤਖ਼ਤ ਹਜ਼ਾਰਿਓਂ ਜੇਹੜਾ ਨੀ ॥ ਜੇਹੜਾ ਆਸ਼ਕਾਂ ਵਿਚ ਮਸ਼ਹੂਰ ਰਾਂਝਾ ਸਿਰ ਉਸਦੇ ਇਸ਼ਕ ਦਾ ਸੇਹਰਾ ਨੀ ॥ ਕਿਤੇ ਦਾਇਰੇ ਕਿਤੇ ਮਸੀਤ ਹੁੰਦਾ ਕੋਈ ਉਸਦਾ ਦੱਸਿਓ ਡੇਹਰਾ ਨੀ ॥ ਇਸ਼ਕ ਪੱਟ ਕੇ ਤੂਟੀਆਂ ਗਾਲੀਆਂ ਨੀ ਉੱਜੜ ਗਿਆਂ ਦਾ ਵੇਹੜਾ ਕੇਹੜਾ ਨੀ ॥ ਵਾਰਸ ਇਸ਼ਕ ਦਾ ਮਾਰਿਆ ਫਿਰੇ ਭੌਂਦਾ ਹੀਰ ਵਿਆਹ ਕੇ ਲੈ ਗਿਆ ਖੇਹੜਾ ਨੀ ॥

॥ ਕਲਾਮ ਕੁੜੀਆਂ ॥

ਕੁੜੀਆਂ ਆਖਿਆ ਛੈਲ ਹੈ ਮਸ ਭਿੰਨਾ ਛੱਡ ਬਠਾ ਹੈ ਜੱਗ ਦੇ ਸੱਭੇ ਝੇੜੇ ॥ ਸੱਟ ਵੰਝਲੀ ਅਹਿਲ ਫਕੀਰ ਹੋਯਾ ਜਿਸ ਰੋਜ਼ ਦੇ ਹੀਰ ਲੈ ਗਏ ਖੇੜੇ ॥ ਵਿਚ ਬੇਲਿਆਂ ਕੂਕਦਾ ਫਿਰੇ ਭੌਂਦਾ ਜਿਥੇ ਬਾਘ ਬਘੇਲੇ ਤੇ ਿੰਹ ਵੇੜੇ ॥ ਕੋਈ ਉਸਦੇ ਨਾਲ ਨਾ ਗੱਲ ਕਰਦਾ ਬਿਨਾਂ ਮੰਤਰਾਂ ਨਾਗਾਂ ਨੂੰ ਕੌਣ ਛੇੜੇ ॥ ਕੁੜੀਆਂ ਆਖਿਆ ਚਾ ਵਿਲਾਉ ਉਸਨੂੰ ਕੋਈ ਘੇਰ ਕੇ ਮਾਂਦਰੀ ਕਰੋ ਨੇੜੇ ॥ ਵਾਤਸਸ਼ਾਹ ਵਿਲਾਇਕੇ ਰਾਂਝਣੇ ਨੂੰ ਅੱਜ ਸੱਦਿਆ ਆਨ ਮਹਿਬੂਬ ਤੇਰੇ ॥

॥ ਕੁੜੀਆਂ ਰਾਂਝੇ ਵਲ ਚੱਲੀਆਂ ॥

ਕੁੜੀਆਂ ਜਾਇ ਵਲਾਇਆ ਰਾਂਝਣੇ ਨੂੰ ਫਿਰੇ ਭੁੱਖ ਤੇ ਦਰਦ ਦਾ
ਲਦਿਆਈ ॥ ਆਉ ਘਿੰਨ ਸਨੇਹੁੜਾ ਸੱਜਨਾਂ ਦਾ ਤੈਨੂੰ ਹੀਰ
ਸਿਆਲਨੇ ਸਦਿਆਈ ॥ ਤੇਰੇ ਵਾਸਤੇ ਮਾਪਿਆਂ ਘਰੋਂ ਕੱਢੀ
ਅਸਾਂ ਸਾਹੁਰਾ ਪੇਕੜਾ ਤਜਿਆਈ ॥ ਤੁਧ ਬਾਝ ਨਾ ਜੀਵਨਾ
ਹੋਇ ਮੇਰਾ ਵਿਚ ਸਿਆਲਾਂ ਦੇ ਜੀਉ ਕਿਉਂ ਗਡਿਆਈ॥ ਝੱਬ
ਹੋਇਕੇ ਜੋਗੀੜਾ ਆਇ ਮੈਂਥੇ ਏਥੇ ਖੇੜੜਾ ਕਾਸਨੂੰ ਗਡਿਆਈ॥
ਵਾਰਸਸ਼ਾਹ ਇਸ ਇਸ਼ਕ ਦੀ ਨੌਕਰੀ ਨੇ ਦਮਾਂ ਬਾਝ ਗੁਲਾਮ
ਕਰ ਛਡਿਆਈ ॥

॥ ਰਾਂਝਾ ਮੁੱਲਾਂ ਪਾਸ ਆਇਆ ॥

ਮੀਏਂ ਰਾਂਝਣੇ ਮੁੱਲਾਂ ਨੂੰ ਜਾਇ ਕਹਿਆ ਚਿੱਠੀ ਲਿਖੇਂ ਖਾਂ ਸੱਜਨਾ
ਪਿਆਰਿਆਂ ਨੂੰ॥ ਅੱਗ ਲੱਗੇ ਜ਼ਿਮੀਨ ਅਸਮਾਂਨ ਸਾਰੇ ਚਾਇ
ਲਿਖਾਂ ਜੇ ਮੈਂ ਦੁਖਾਂ ਸਾਰਿਆਂ ਨੂੰ ॥ ਮੈਨੂੰ ਠੱਗ ਕੇ ਮਹੀਂ ਚਰਵਾਇ
ਲਈਆਂ ਰੰਨਾਂ ਸੱਚ ਤੇ ਤੋੜਦੀਆਂ ਤਾਰਿਆਂ ਨੂੰ॥ ਚਾਕ ਹੋਇਕੇ
ਫੇਰ ਫ਼ਕੀਰ ਹੋਵਾਂ ਕਿਹਾ ਮਾਰਿਆ ਅਸਾਂ ਵਿਚਾਰਿਆਂ ਨੂੰ॥ ਗੱਲਾਂ
ਲਿਖੋ ਜੋ ਯਾਰ ਨੇ ਲਿਖੀਆਂ ਸੀ ਸੱਜਨ ਲਿਖਦੇ ਜਿਵੇਂ ਪਿਆਰਿਆਂ
ਨੂੰ॥ ਤੁਸਾਂ ਸਾਹੁਰੇ ਜਾਇ ਅਰਾਮ ਕੀਤਾ ਅਸੀ ਢੋਏ ਹਾਂ ਸੂਲ
ਅੰਗਿਆਰਿਆਂ ਨੂੰ॥ ਵਾਰਸਸ਼ਾਹ ਨ ਹੀਰ ਬਿਨ ਤਾਂਘ ਕਾਈ
ਕਿਵੇਂ ਜਿੱਤੀਏ ਮਾਮਲੇ ਹਾਰਿਆਂ ਨੂੰ ॥

### ॥ ਕਲਾਮ ਰਾਂਝਾ ॥

ਤੈਨੂੰ ਚਾਇ ਸੀ ਵਡਾ ਵਿਆਹਿ ਦਾ ਨੀ ਭਲਾ ਹੋਇਆ ਜੋ ਝੱਬ ਵਹੀਜੀਏਂ ਨੀ॥ ਐਥੋਂ ਨਿਕਲ ਗਈਏਂ ਬੁਰੇ ਦਿਨਾਂ ਵਾਂਗਰ ਅੰਤ ਸਾਹੁਰੇ ਜਾ ਪਤੀਜੀਏਂ ਨੀ ॥ ਰੰਗ ਰਤੀਏ ਵਹੁਟੀਏ ਖੇੜਿਆਂ ਦੀਏ ਕੈਦੋ ਲੰਙੇ ਦੀਏ ਗੁੜ ਭਤੀਜੀਏ ਨੀ॥ ਚੂਲੀਆਂ ਪਾਇ ਪਾਣੀ ਦੁਖਾਂ ਨਾਲ ਪਾਲੀ ਕਰਮ ਸੈਦੇ ਦੇ ਮਾਪਿਆਂ ਬੀਜੀਏਂ ਨੀ॥ ਕਾਸਦ ਹੀਰ ਨੂੰ ਜਾਇਕੇ ਖ਼ਤ ਦਿਤਾ ਏਹੁ ਚਾਕ ਦਾ ਲਿਖਿਆ ਲੀਜੀਏ ਨੀ ॥ ਵਾਰਸਸ਼ਾਹ ਤੈਨੂੰ ਹੁਣ ਆਖਦਾ ਈ ਠੱਗੀ ਮਿਤ੍ਰਾਂ ਨਾਲ ਨਾ ਕੀਜੀਏ ਨੀ ॥

### ॥ ਕਲਾਮ ਹੀਰ ॥

ਤੇਰੇ ਵਾਸਤੇ ਬਹੁਤ ਉਦਾਸ ਹਾਂ ਮੈਂ ਰੱਬਾ ਮੇਲ ਤੂੰ ਚਿਰੀਂ ਵਿਛੁੰਨਿਆਂ ਨੂੰ ॥ ਬੰਨ੍ਹ ਮਾਪਿਆਂ ਦਿੱਤੀਆਂ ਜ਼ਾਲਮਾਂ ਨੂੰ ਲੱਗਾ ਲੂਣ ਕਲੇਜਿਆਂ ਭੁੰਨਿਆਂ ਨੂੰ ॥ ਮੌਤ ਅਤੇ ਸੰਜੋਗ ਨ ਮਿਟੇ ਮੂਲੇ ਕੌਣ ਮੋੜਦਾ ਸਾਹਿਆਂ ਪੁੰਨਿਆਂ ਨੂੰ ॥ ਜੋਗੀ ਹੋਇਕੇ ਆਵੀਂ ਤੂੰ ਸੱਜਣਾ ਓਇ ਕੌਣ ਜਾਣਦਾ ਜੋਗੀਆਂ ਮੁੰਨਿਆਂ ਨੂੰ॥ ਵੇਹੜੇ ਵਿਚ ਤੂੰ ਆਇਕੇ ਪਾਇ ਫੇਰਾ ਮੈਂ ਤਾਂ ਲੱਭ ਲਵਾਂ ਜਾਰਾ ਮੁੰਨਿਆਂ ਨੂੰ ॥ ਵਾਰਸਸ਼ਾਹ ਉਸ ਰਬ ਦੀ ਮਿਹਰ ਬਾਝੋਂ ਕੌਣ ਜਾਣਦਾ ਜੋਗੀਆਂ ਮੁੰਨਿਆਂ ਨੂੰ ॥

### ॥ ਕਲਾਮ ਸ਼ਾਇਰ ॥

ਦਾਣੇ ਪਾਣੀ ਨੇ ਵੇਖ ਕੀ ਰੰਗ ਲਾਇਆ ਕੋਇਲ ਲੈਕਾਵੇ ਬਾਗ਼

ਦੀ ਗਈ ਦਿੱਲੀ ॥ ਮੈਨਾਂ ਲਈ ਬੰਗਾਲਿਓਂ ਚਾਕ ਕਮਲੇ ਖੇੜਾ ਪਿਆ ਅਜ਼ਰੈਲ ਦੀ ਆਨ ਬਿੱਲੀ ॥ ਚੁਸਤੀ ਆਪਣੀ ਪਕੜਨਾ ਹਾਰ ਹਿੰਮਤ ਹੀਰ ਇਸ਼ਕ ਦੇ ਕੰਮ ਵਿਚ ਨਹੀਂ ਢਿੱਲੀ ॥ ਕੋਈ ਜਾਇਕੇ ਪਕੜ ਫ਼ਕੀਰ ਕਾਮਲ ਫ਼ੱਕਰ ਮਾਰਦੇ ਲੇਖ ਦੇ ਵਿਚ ਕਿੱਲੀ ॥ ਹੋ ਮਸਤ ਮਲੰਗ ਦੀਵਾਨੜਾ ਤੂੰ ਸੇਲ੍ਹੀ ਗੋਦੜੀ ਪੈਹਨਕੇ ਸ਼ੇਖ ਚਿੱਲੀ ॥ ਵਾਰਸ ਸ਼ਾਹ ਏਹ ਇਸ਼ਕ ਦਰਯਾ ਖੂੰਭਣ ਹੀਰ ਤੁਲਿਓਂ ਬਾਝ ਨਾ ਪਾਰ ਠਿੱਲੀ ॥

## ॥ ਜਵਾਬ ਹੀਰ ॥

ਦਿੱਤੀ ਹੀਰ ਲਿਖਾਇਕੇ ਇਹ ਚਿੱਠੀ ਰਾਂਝੇ ਯਾਰ ਦੇ ਹੱਥ ਲੈ ਜਾਇ ਦੇਣੀ ॥ ਕਿਤੇ ਬੈਠ ਨਿਵੇਕਲਾ ਸੱਦ ਮੁੱਲਾਂ ਸਾਰੀ ਖੋਲ੍ਹਕੇ ਬਾਤ ਸੁਣਾਇ ਦੇਣੀ ॥ ਹੱਥ ਬੰਨ੍ਹਕੇ ਮੇਰਿਆਂ ਸੱਜਣਾਂ ਨੂੰ ਰੋਇ ਰੋਇ ਸਲਾਮ ਦੁਆਇ ਦੇਣੀ ॥ ਖੇੜੇ ਹੱਥ ਨਾ ਲਾਂਵਦੇ ਮੈਂ ਜੜ੍ਹੇ ਨੂੰ ਤੁਰਤ ਫੁਰਤ ਹੀ ਗੋਰ ਵਿਚ ਪਾਇ ਦੇਣੀ ॥ ਕੱਖ ਹੋਇ ਰਹੀ ਗ਼ਮ ਨਾਲ ਤੇਰੇ ਏਹ ਚਿਣਗ ਜਲਾਇ ਕੇ ਲਾਇ ਦੇਣੀ ॥ ਮੇਰਾ ਯਾਰ ਹੈਂ ਤਾਂ ਮਥੇ ਪਹੁੰਚ ਮੀਆਂ ਕੰਨ ਰਾਂਝੇ ਦੇ ਏਤਨੀ ਪਾਇ ਦੇਣੀ ॥ ਮੇਰੀ ਲਈਂ ਨਿਸ਼ਾਨੜੀ ਵੰਗ ਛੱਲਾ ਰਾਂਝੇ ਯਾਰ ਦੇ ਹੱਥ ਲੈ ਜਾਇ ਦੇਣੀ ॥ ਵਾਰਸ ਸ਼ਾਹ ਮੀਆਂ ਉਸ ਕਮਲੇ ਨੂੰ ਮੇਰੀ ਜ਼ੁਲਫ਼ ਦੀ ਫਾਹੀ ਫਸਾਇ ਦੇਣੀ ॥

## ॥ ਕਲਾਮ ਹੀਰ ॥

ਅੱਖੋ ਡੂੰਘਿਆਂ ਨਾਲ ਹੰਡਾਇਓਈ ਜ਼ੁਲਫ਼ ਕੁੰਡਲਾਂ ਦੇ ਹੁਣ

ਵੇਖ ਮੀਆਂ ॥ ਘੱਤ ਕੁੰਡਲਾਂ ਅੱਲੜਾਂ ਸਯਾਹ ਪਲਮਨ ਵੇਖੇ ਓਹ ਭਲਾ ਜਿਸ ਲੇਖ ਮੀਆਂ॥ ਮਲੇ ਵਟਣਾ ਲੌੜ੍ਹਦੇ ਦਾਸੜੇ ਦੇ ਖ਼ੂਨੀ ਨੈਣਾਂ ਦੇ ਵੇਖ ਤੂੰ ਭੇਖ ਮੀਆਂ ॥ ਵਾਰਸ ਸ਼ਾਹ ਫ਼ਕੀਰ ਹੋ ਪਹੁੰਚ ਮੈਥੇ ਫ਼ਕਰ ਮਾਰਦੇ ਰੇਖ ਵਿਚ ਮੇਖ ਮੀਆਂ ॥

॥ ਕਾਸਦ ਆਇਆ ॥

ਕਾਸਦ ਆਇ ਰੰਝੇਟੇ ਨੂੰ ਖ਼ਬਰ ਦਿੱਤੀ ਨੱਢੀ ਮੂਈ ਹੈ ਨੱਕ ਤੇ ਜਾਨ ਮੀਆਂ॥ ਕੋਈ ਪਾਇ ਭੁਲਾਵੜਾ ਠੱਗਿਓਈ ਸਿਰ ਘੱਤਿਓ ਚਾਇ ਮਸਾਨ ਮੀਆਂ॥ ਤੇਰੇ ਵਾਸਤੇ ਰਾਤ ਨੂੰ ਗਿਣੇ ਤਾਰੇ ਕਿਸ਼ਤੀ ਨੂਹ ਦੀ ਵਿੱਚ ਤੂਫ਼ਾਨ ਮੀਆਂ ॥ ਇਕ ਘੜੀ ਅਰਾਮ ਨਾ ਆਂਵਦਾ ਹੈ ਕਿਹਾ ਠੋਕਿਓ ਪ੍ਰੇਮ ਦਾ ਬਾਣ ਮੀਆਂ ॥ ਤੇਰਾ ਨਾਮ ਲੈ ਲੈ ਨੱਢੀ ਜੀਂਵਦੀ ਹੈ ਭਾਵੇਂ ਜਾਨ ਤੇ ਭਾਵੇਂ ਨਾ ਜਾਣ ਮੀਆਂ॥ ਨਾਲ ਖੇੜਿਆਂ ਦੇ ਉਸਦਾ ਪਿਆਰ ਨਾਹੀਂ ਅਤੇ ਮੂਲ ਨ ਕਿਸੇ ਦੀ ਕਾਣ ਮੀਆਂ॥ ਨਾਲ ਸੌਣ ਨਾ ਦੇਂਦੀ ਹੈ ਸੈਦੜੇ ਨੂੰ ਲੋਕ ਲਾਇ ਥੱਕੇ ਸਭੋ ਭਾਣ ਮੀਆਂ॥ ਮੂੰਹੋਂ ਰਾਂਝੇ ਦਾ ਨਾਉਂ ਹੈ ਕੱਢ ਬਹਿੰਦੀ ਉਥੇ ਨਿਤ ਪਉਂਦੇ ਘਮਸਾਣ ਮੀਆਂ ॥ ਉੱਤੇ ਜਾਂਹਲੇ ਦੀ ਦੈਂਅਦੀ ਮਰੇਂਦੀ ਨਹੀਂ ਸੁੱਝਦਾ ਪੀਣ ਤੇ ਖਾਣ ਮੀਆਂ ॥ ਰਾਤੀ ਘੜੀ ਨਾ ਸੇਜ ਤੇ ਮੂਲ ਸੌਂਦੀ ਰਹੇ ਲੋਕ ਬਤੇਰੜਾ ਰਾਨ ਮੀਆਂ ॥ ਜੋਗੀ ਹੋਇਕੇ ਨਗਰ ਵਿਚ ਪਾਇ ਫੇਰੀ ਮੌਜ ਨਾਲ ਤੂੰ ਨੱਢੜੀ ਮਾਣ ਮੀਆਂ ॥ ਵਾਰਸਸ਼ਾਹ ਮੀਆਂ ਸਭੋ ਕੰਮ ਹੁੰਦੇ ਰੱਬ ਜਦੋਂ ਹਵੇ ਮੇਹਰਬਾਨ ਮੀਆਂ ॥

॥ ਕਲਾਮ ਕਾਸਦ ॥

ਚਿੱਠੀ ਨਾਮ ਤੇਰੇ ਲਿਖੀ ਨੱਢੜੀ ਨੇ ਵਿਚ ਲਿਖੇ ਨੀ ਦਰਦ ਫ਼ਿਰਾਕ ਸਾਰੇ ॥ ਕਾਗ਼ਜ਼ ਦਿਲ ਦਾ ਹੰਝੂ ਸਿਆਹੀ ਕਰਕੇ ਕਲਮ ਕੀਤੀ ਸੂ ਅੰਗੁਲੀ ਦੁਖ ਹਾਰੇ ॥ ਕਹਾਂ ਲਿਖੇ ਜੋ ਦਿਲਾਂ ਦੇ ਦੁਖੜੇ ਨੂੰ ਲਿਖਨ ਪਿਯਾਰਿਆਂ ਨੂੰ ਜਿਵੇਂ ਯਾਰ ਪਿਆਰੇ ॥ ਰਾਂਝਾ ਚਿੱਠੀ ਪੜ੍ਹਾਇਕੇ ਖ਼ੁਸ਼ੀ ਹੋਇਆ ਦਿਲੋਂ ਹਾਉਕੇ ਠੰਢੜੇ ਸਾਹ ਮਾਰੇ ॥

॥ ਜਵਾਬ ਰਾਂਝਾ ॥

ਲਿਖਿਆ ਏਹ ਜਵਾਬ ਰੰਝੇਟੜੇ ਨੇ ਜਦੋਂ ਜੀ ਵਿਚ ਉਸਦੇ ਸ਼ੋਰ ਪਏ ॥ ਉਸ ਰੋਜ਼ ਦੇ ਅਸੀ ਫਕੀਰ ਹੋਏ ਜਿਸ ਰੋਜ਼ ਦੇ ਹੁਸਨ ਦੇ ਚੋਰ ਪਏ ॥ ਪਹਿਲਾਂ ਦੁਆ ਸਲਾਮ ਪਿਆਰਿਆਂ ਨੂੰ ਹੰਜੂ ਸਾਹ ਫਿਰਾਕ ਦੇ ਬੋੜ ਗਏ ॥ ਅਸਾਂ ਜਾਨ ਤੇ ਮਾਲ ਦਰਪੇਸ਼ ਕੀਤੀ ਤੁਸੀਂ ਲੱਗੜੀ ਪ੍ਰੀਤ ਨੂੰ ਤੋੜ ਗਏ ॥ ਸਾਡੀ ਜ਼ਾਤ ਸਫ਼ਾਤ ਬਰਬਾਦ ਕਰਕੇ ਪੱਲਾ ਖੇੜਿਆਂ ਦੇ ਨਾਲ ਜੋੜ ਗਏ ॥ ਆਪ ਹੱਸਕੇ ਸਾਹੁਰੇ ਮੱਲਿਓਨੀ ਸਾਡੇ ਨੈਨਾਂ ਦੇ ਨੀਰ ਨਿਖੋੜ ਗਏ ॥ ਆਪ ਹੋਇ ਮਹਿਬੂਬ ਜਾ ਸਤਰ ਬੈਠੇ ਸਾਡੇ ਰੂਪ ਦਾ ਰਸ ਨਿਚੋੜ ਗਏ ॥ ਵਾਰਸ ਸ਼ਾਹ ਮੀਆਂ ਮਿਲੀਆਂ ਵਾਹਰਾਂ ਨੂੰ ਧੜਵੈਲ ਵੇਖੋ ਜੋਰਾ ਜੋਰ ਪਏ ॥

॥ ਕਲਾਮ ਰਾਂਝਾ ॥

ਸਾਡੀ ਖ਼ੈਰਤ ਸਾਡੜੀ ਖ਼ੈਰਖਾਹਾਂ ਫੇਰ ਲਿਖੇ ਹਕੀਕਤਾਂ ਸਾਰੀਆਂ ਨੀ ॥ ਸਿਰੋਂ ਲਾਹ ਸਫਾਲਿਓਂ ਗ਼ਰਕ ਹੋਈਆਂ ਜੇਹੜੀਆਂ

ਚਾਲੀਆਂ ਘੋਮਦੀਆਂ ਮਾਰੀਆਂ ਨੀ ॥ ਸਾਰੇ ਜ਼ਿਮੀਂ ਅਸਮਾਨ ਥਰਥੱਲ ਆਵੇ ਜੇ ਮੈਂ ਲਿਖਾਂ ਹਕੀਕਤਾਂ ਸਾਰੀਆਂ ਨੀ॥ ਪਾਕ ਰੱਬ ਦੇ ਪੀਰ ਦੀ ਮੇਹਰਬਾਝੋਂ ਕਟੇ ਕੌਣ ਮੁਸੀਬਤਾਂ ਭਾਰੀਆਂ ਨੀ ॥ ਮੌਜੂ ਚੌਧਰੀ ਦਾ ਪੁਤ ਚਾਕ ਹੋਕੇ ਚੂਚਕ ਸਿਆਲ ਦੀਆਂ ਖੋਲੀਆਂ ਚਾਰੀਆਂ ਨੀ ॥ ਦਗਾ ਦੇਇਕੇ ਏਹ ਚੜ੍ਹ ਜਾਨ ਡੋਲੀ ਖਚਰ ਹਾਰੀਆਂ ਇਹ ਕੁਆਰੀਆਂ ਨੀ ॥ ਸੱਪ ਰੱਸੀਆਂ ਦੇ ਕਰੋ ਮਾਰ ਮੰਤ੍ਰ ਤਾਰੇ ਢੱਬਦੀਆਂ ਹੋਹੇਂ ਠਖਾਰੀਆਂ ਨੀ॥ ਪੇਕੇ ਜਣਾਂ ਨੂੰ ਮਾਰ ਫਕੀਰ ਕਰਕੇ ਲੈਣ ਸਾਹੁਰੇ ਜਾਇ ਘੁਮਕਾਰੀਆਂ ਨੀ॥ ਆਪ ਨਾਲ ਸੁਹਾਗ ਦੇ ਪਾਇ ਰੱਖਨ ਪਿੱਛੇ ਲਾਇ ਜਾਵਨ ਪਿਰਕਾਰੀਆਂ ਨੀ ॥ ਸਰਦਾਰਾਂ ਦੇ ਪੁੱਤਾਂ ਨੂੰ ਚਾਕ ਕਰ ਕੇ ਆਪ ਮਲਦੀਆਂ ਜਾਇ ਸਰਦਾਰੀਆਂ ਨੀ॥ ਵਾਰਸ ਸ਼ਾਹ ਮੀਆਂ ਅਸੀ ਕੌਣ ਹੁੰਦੇ ਰਾਜੇ ਭੋਜ ਤੋਂ ਏਹ ਨਾ ਹਾਰੀਆਂ ਨੀ ॥

॥ ਕਲਾਮ ਰਾਂਝਾ ॥

ਰਾਂਝੇ ਆਖਿਆ ਲੁੱਟੀਏ ਹੀਰ ਦੌਲਤ ਜਨਮ ਗਾਲੀਏ ਤਾਂ ਓਥੇ ਜਾਇ ਲਈਏ ॥ ਇਕ ਹੋਵਣਾ ਰਿਹਾ ਫ਼ਕੀਰ ਸਾਥੋਂ ਹੁਣ ਏਤਨਾਂ ਵੱਸ ਭੀ ਲਾਇ ਲਈਏ ॥ ਓਥੇ ਰੱਬ ਦੇ ਡਰ ਦਾ ਖਿਆਲ ਕਰਨਾ ਸਿਧੀ ਹੋਇਕੇ ਜਨਮ ਗਵਾਇ ਲਈਏ॥ ਮੱਖਣ ਪਾਲਿਆ ਚੀਕਨਾ ਨਰਮ ਪਿੰਡਾ ਜ਼ਰਾ ਖ਼ਾਕ ਦੇ ਵਿੱਚ ਰੁਲਾਇ ਲਈਏ॥ ਕਿਸੇ ਜੋਗੀ ਤੋਂ ਸਿਖੀਏ ਸਿਹਰਕਾਈ ਚੇਲੇ ਹੋਇਕੇ ਕੰਨ ਪੜਵਾਇ ਲਈਏ ॥ ਅੱਗੇ ਲੋਕਾਂ ਦੇ ਝੱਗੜੇ

ਬਾਲ ਸੇਕੇ ਚਿਲਗ ਆਪਨੇ ਨੂੰ ਜ਼ਰਗਾਲਾਇ ਲਈਏ॥ ਜਿਥੇ ਖ਼ੁਦੀ ਗੁਮਾਨ ਦੀ ਜਾਇਨਾਹੀਂ ਸਿਰਵੇਚੀਏ ਤਾਂਓਥੇਜਾਇ ਲਈਏ ॥ ਵਾਰਸਸ਼ਾਹ ਮਹਿਬੂਬ ਨੂੰ ਤਦੋਂ ਪਾਈਏ ਜਦੋਂ ਆਪਣਾ ਆਪ ਗਵਾਇਲਈਏ ॥

॥ ਰਾਂਝਾ ਜੋਗੀ ਹੋਣ ਚਲਿਆ ॥

ਗੁੱਝੀਇਸ਼ਕਦੀਅੱਗਨੂੰਵਾਲਗੀਸਮਾਆਇਆਸ਼ੌਕ ਜਗਾਵਣੇ ਦਾ॥ਬਾਲਨਾਥ ਦੇ ਟਿੱਲੇਦਾਰਾਹਫੜਿਆ ਮਤਾਹੋਯਾਸੂ ਕੰਨ ਪੜਾਵਣੇ ਦਾ॥ਪਵੇ ਦੁੱਧ ਮਲਾਈਆਂ ਦੇ ਨਾਲ ਪਾਲੇਵਕਤ ਆਇਆ ਹੈ ਖਰਜ਼ ਮੁਨਾਵਣੇਦਾ॥ਜਨਮ ਕਰਮਤਿਆਗਕੇ ਆਨਬੈਠਾ ਕਿਸੇ ਜੋਗੀ ਦੇ ਹਥ ਵਿਕਾਵਣੇਦਾ॥ਹੱਥੋਂ ਲਾਹਿ ਕੜੇ ਵਲਾਂਦਾਰ ਸੋਹਣੇ ਛੱਲੇ ਮੁੰਦ੍ਰੀ ਛੈਲਸੁਹਾਵਣੇ ਦਾ॥ਬੁੰਦੇ ਸੁਇਨੇ ਦੇ ਲਾਹਿਕੇ ਚਾਉ ਚੜ੍ਹਿਆ ਕੰਨ ਪਾੜਕੇ ਮੁੰਦਰਾਂ ਪਾਵਣੇਦਾ॥ਕਿਸੇ ਐਸੇ ਉਸਤਾਦ ਦੀ ਟਹਿਲ ਕਰੀਏ ਮੰਤ੍ਰ ਸਿਖੀਏ ਰੰਨ ਖਿਸਕਾਵਣੇ ਦਾ ॥ ਵਾਰਸਸ਼ਾਹ ਮੀਆਂ ਇਨ੍ਹਾਂ ਆਸ਼ਕਾਂ ਨੂੰ ਜ਼ਰਾ ਫ਼ਿਕਰ ਨਾ ਜਾਨ ਗਵਾਵਣੇ ਦਾ ॥

॥ ਕਲਾਮ ਰਾਂਝਾ ॥

ਕਾ ਫਿਰੇ ਦੇਂਦਾ ਪਿੰਡ ਵਿਚ ਸਾਰੇਆਵੋਕਿਸੇਫ਼ਕੀਰਜੇਹੋਵਣਾ ਜੇ ॥ ਮੰਗ ਖਾਵਣਾ ਕੰਮ ਨਾ ਮੂਲ ਕਰਣਾ ਨਾ ਕੁਝ ਚਾਰਨਾ ਨਾ ਕੁਝ ਚੋਵਣਾ ਜੇ ॥ ਜ਼ਰਾ ਕੰਨ ਪੜਾਇਕੇ ਸੁਆਹ ਮਲਨੀ ਗੁਰੂ ਸਾਰੇ ਜਗੱਤ ਦਾ ਹੋਵਣਾ ਜੀਨਾਦਿਹਾੜੀ ਨਾ

ਕਸਬ ਰੁਜ਼ਗਾਰਕਰਨਾਬਾਦਸ਼ਾਹਫਿਰ ਮੁਲਕ ਦਾ ਹੋਵਣਾਜੇ ॥ਪਸ਼ਮਾ ਨੰਗੀਆਂ ਕੱਢਕੇ ਠੋਕ ਮੁੱਠੀਂ ਭੁਤੜ ਕੱਢਬੇਵਿਕਰ ਹੀ ਹੋਵਨਾਂ ਜੇ॥ ਨਹੀਂ ਦੇਨੀ ਵਧਾਈ ਪੁਤ ਜੰਮਣੇਦੀਫਿਰ ਮੋਏ ਨੂੰ ਕਿਸੇਨ ਰੋਵਨਾਜੇ॥ਨਾਲੇ ਮੰਗਨਾ ਤੇ ਨਾਲੇ ਘੂਰਨਾ ਜੇ ਦੇਨਦਾਰ ਨਾ ਕਿਸੇ ਦਾ ਹੋਵਣਾ ਜੇ ॥ ਮੰਗ ਖਾਵਣਾਅਤੇ ਮਸੀਤ ਸਉਣਾ ਨਾ ਕਝ ਚਾਰਨਾ ਨਾ ਕੁਝ ਚੋਵਨਾ ਜੇ ॥ ਵਾਰਸਸ਼ਾਹ ਉੱਠਣਾ ਖ਼ੁਸ਼ੀ ਆਪਣੀ ਤੇ ਅਤੇ ਆਪਣੀ ਨੀਂਦਰ ਹੀ ਸੌਂਵਣਾ ਜੇ ॥

॥ ਰਾਂਝਾ ਟਿੱਲੇ ਜਾਇ ਪਹੁੰਚਾ ॥

ਟਿੱਲੇ ਜਾਇਕੇਜੋਗੀਦੇ ਪੈਰਪਕੜੇ ਸਾਨੂੰਆਪਨਾਕਰੋਫ਼ਕੀਰ ਸਾਈਂ ॥ ਤੇਰੇ ਦਰਸ ਦੀਦਾਰ ਦੇ ਵੇਖਣੇਨੂੰ ਆਇਆ ਦੇਸ ਪ੍ਰਦੇਸਮੈਂਚੀਰ ਸਾਈਂ ॥ ਸਿਦਕ ਧਾਰਕੇਨਾਲ ਯਕੀਨਆਯਾ ਅਸੀਂ ਚੇਲੜੇ ਤੇ ਤੁਸੀ ਪੀਰ ਸਾਈਂ ॥ਬਾਦਸ਼ਾਹ ਸੱਚਾਰੱਬ ਆਲਮਾਂ ਦਾ ਫ਼ਕਰ ਓਸਦੇ ਹੈਣ ਵਜ਼ੀਰ ਸਾਈਂ ॥ ਬਿਨਾ ਮੁਰਸ਼ਦਾਂਰਾਹ ਨਹੱਥਆਵੇਬਾਝਦੁੱਧਨਾਰਿਝਦੀ ਖੀਰਸਾਈਂ ॥ਯਾਦਹੱਕਦੀਸਬਰਤਸਲੀਮਨਿਸਚਾ ਤੁਸਾਂਜਗਦੇ ਨਾਲਕੀ ਸੀਰ ਸਾਈਂ ॥ ਫ਼ਕਰ ਕੁਲਜਹਾਨਦਾਆਸਰਾ ਹੈ ਤਾਬਿਆ ਫ਼ਕਰਦੀ ਪੀਰਤੇਮੀਰ ਸਾਈਂ॥ਮੇਰੇ ਬਾਪਤੇ ਮਾਉਂਨਾ ਸਾਕ ਕੋਈ ਚਾਚਾ ਤਾਯਾ ਨਾ ਭੈਣ ਤੇ ਵੀਰ ਸਾਈਂ ॥ ਦੁਨੀਆਂ ਵਿਚ ਮੈਂ ਬਹੁਤ ਹੈਰਾਨ ਹੋਯਾ ਪੈਰੋਂ ਮੇਰਿਓਂ ਲਾਹੁ ਜੰਜੀਰ

ਸਾਈਂ॥ਤੈਨੂੰ ਛੱਡਕੇ ਜਾਵਾਂ ਮੈਂਹੋਰ ਕਿਸਥੇ ਨਜ਼ਰ ਆਂਵਦਾ-
ਹੈਂ ਜ਼ਾਹਰਾ ਪੀਰ ਸਾਈਂ ॥

॥ ਕਲਾਮ ਬਾਲਨਾਥ ॥

ਨਾਥ ਵੇਖਕੇ ਬਹੁਤ ਮਲੂਕਛੈਲ ਅਹਿਲ ਨਾਜ਼ਤੇ ਸੋਹਣਾ
ਛੈਲ ਪਿੰਡ॥ਕੋਈ ਹੁਸਨ ਦੀ ਖ਼ਾਕ ਉਸ਼ਨਾਕ ਸੁੰਦਰ ਅਤੇ
ਲਾਡਲਾ ਮਾਉਂ ਤੇ ਬਾਪ ਸੰਦਾ॥ ਕਿਸੇ ਦੁਖਤੋਂ ਉੱਠਕੇ ਨੱਸ
ਆਇਆ ਇਕੇਕਿਸੇਦੇਨਾਲ ਪੈਗਿਆਧੰਦਾ ॥ਨਾਥ ਆਖਦਾ
ਦੱਸ ਤੂੰ ਗੱਲ ਮੈਥੇ ਤੂੰਤਾਂ ਕੇਹੜੇ ਦੁਖ ਫ਼ਕੀਰ ਹੁੰਦਾ ॥

॥ ਕਲਾਮ ਰਾਂਝਾ ॥

ਜੱਗ ਏਹਮਕਾਨਫਨਾਹਦਾਈਸਭ ਰੇਤਦੀਕੰਧ ਏਹ ਜੀਵਣਾ
ਈਂ॥ਛਾਉਂਬੱਦਲਾਂਦੀ ਉਮਰ ਬੰਦਿਆਂਦੀ ਅਜ਼ਰਾਈਲ ਨੇ
ਪਾੜਕੇ ਸੀਵਣਾਈਂ॥ ਆਖਰ ਇਹ ਜਹਾਨ ਹੈ ਸਿਹਰਮੇਲਾ
ਕਿਸੇ ਨਿਤਨਾ ਹੁਕਮ ਤੇ ਥੀਵਣਾਈਂ ॥ ਵਾਰਸਸ਼ਾਹ ਮੀਆਂ
ਅੰਤ ਖ਼ਾਕ ਹੋਣਾ ਲੱਖ ਆਬਹਯਾਤ ਜੇ ਪੀਵਣਾਈਂ ॥

॥ ਕਲਾਮ ਨਾਥ ॥

ਕੰਙਨ ਪੌਚੀਆਂ ਹੱਥਾਂ ਵਿਚ ਵੱਬ ਰਹੀਆਂ ਕੰਨੀ ਲਟਕਦੇ
ਸੋਹਣੇ ਬੁੰਦੜੇਨੀ ॥ਮੱਝ ਪਟਵੀਆਂਲੁੰਙੀਆਂਖੇਸਉਤੇ ਸਿਰ
ਭਿੰਨੇ ਫੁਲੇਲਦੇ ਜੁੰਡੜੇ ਨੀ॥ ਚੀਰਾ ਵੌਲਕੀ ਬਾਰੀਆਂ ਦਾਰ
ਛੱਲੇਕੱਜਲਭਿੰਨੜੇ ਨੈਨਨਿਖੁੰਦੜੇਨੀ॥ ਖਾਨ ਪੀਨ ਫਿਰਨਾ
ਸਿਰੋਂ ਮਾਪਿਆਂਦੇ ਤੁਸਾਂ ਜੇਹੇ ਫ਼ਕੀਰ ਕਜੋਂ ਹੁੰਦ ੇ ਨੀ ॥

॥ ਕਲਾਮ ਰਾਂਝਾ ॥

ਖ਼ਾਬ ਰਾਤ ਦੀ ਜਗ ਦੇ ਜਸ ਵਾਲੇ ਧਨ ਮਾਲ ਨੂੰ ਮੂਲ ਨਾ ਝੂਰੀਏ ਜੀ॥ ਪੰਜ ਭੂਤ ਬਿਕਾਰ ਤੇ ਉਧਰ ਪਾਪੀ ਨਾਲ ਸਬਰ ਸੰਤੋਖ ਦੇ ਪੂਰੀਏ ਜੀ॥ ਦੁਖ ਸੁਖ ਨੂੰ ਚਾਇ ਸਮਾਨ ਕਰੀਏ ਜੇਹੀ ਸ਼ਾਲ ਮਿਸਰੂ ਤੇਹੀ ਭੂਰੀਏ ਜੀ॥ ਵਾਰਸ ਆਪ ਸਭੇ ਰਸਕਸ ਤਿਆਗੇ ਐਸੇ ਗੁਰੂ ਨੂੰ ਕਾਹੇ ਵਡੂਰੀਏ ਜੀ ॥

॥ ਕਲਾਮ ਬਾਲਨਾਥ ॥

ਭੋਗ ਭੋਗਣਾ ਦੁੱਧ ਤੇ ਦਹੀਂ ਪੀਵੇਂ ਪਿੰਡਾ ਪਾਲਕੇ ਰਾਤ ਦਿਨ ਧੋਵਨਾ ਹੈਂ ॥ ਖਰੀ ਕਠਣ ਫ਼ਕੀਰੀ ਦੀ ਵਾਰ ਝਾਗਨ ਮੂੰਹੋਂ ਆਖਕੇ ਕਾਏ ਵਿਗੋਵਨਾ ਹੈਂ ॥ ਵਾਹਿ ਵੈਜਲੀ ਤ੍ਰੀਮਤਾਂ ਨਿੱਤ ਘੂਰੇਂ ਗਾਈਂ ਮਹੀਂ ਬਨਾਇਕੇ ਚੋਵਨਾ ਹੈਂ ॥ ਸੱਚ ਆਖ ਜੱਟਾ ਕੇਹੀ ਬਣੀ ਤੈਨੂੰ ਸ੍ਵਾਦ ਛੱਡਕੇ ਖੇਹ ਕਿਉਂ ਹੋਵਨਾ ਹੈਂ ॥

॥ ਕਲਾਮ ਰਾਂਝਾ ॥

ਜੋਗੀ ਛੱਡ ਜਹਾਨ ਫ਼ਕੀਰ ਹੋਏ ਏਸ ਜਗ ਵਿਚ ਬਹੁਤ ਖੁਆਰੀਆਂ ਨੀ ॥ ਲੈਣ ਦੇਣ ਤੇ ਦਗਾ ਹਰਾਮ ਕਰਨਾ ਲੁੱਤ ਪੁੱਤ ਤੇ ਚੋਰੀਆਂ ਯਾਰੀਆਂ ਨੀ॥ ਓਹ ਪੁਰਖ ਨਿਰਬਾਣ ਪਦ ਜਾਇ ਪਹੁੰਚੇ ਜਿਨਾਂ ਪੰਜੇ ਹੀ ਇੰਦ੍ਰੀਆਂ ਮਾਰੀਆਂ ਨੀ॥ ਜੋਗ ਦੇਹ ਤੇ ਕਰੋ ਨਿਹਾਲ ਮੈਨੂੰ ਕੇਹੀਆਂ ਜੀ ਵਿਚ ਘੁੰਡੀਆਂ ਚਾੜ੍ਹੀਆਂ ਨੀ ॥ ਏਸ ਜੱਟ ਗਰੀਬ ਨੂੰ ਤਾਰ ਏਵੇਂ ਜਿਵੇਂ ਅਗਲੀਆਂ ਸੰਗਤਾਂ ਤਾਰੀਆਂ ਨੀ॥ ਵਾਰਸ ਸ਼ਾਹ ਮੀਆਂ ਰੱਬ ਸ਼ਰਮ ਰੱਖੇ ਜੋਗ ਵਿੱਚ

ਮੁਸੀਬਤਾਂ ਭਾਰੀਆਂ ਨੀ ॥

॥ ਕਲਾਮ ਨਾਥ ॥

ਮਹਾਂਦੇਵ ਥੋਂ ਜੋਗ ਦਾ ਪੰਥ ਬਣਿਆ ਖਰਾ ਕਠਨ ਹੈ ਜੋਗ ਮੁਹਿੰਮ ਮੀਆਂ॥ਕੌੜਾ ਬਕਬਕਾ ਸੁਆਦ ਹੈ ਜੋਗ ਸੰਦਾ ਜੇਹੀ ਘੋਟਕੇ ਪੀਵਣੀਨਿੰਮ ਮੀਆਂ॥ ਜਹਾਂਸੁਨਸਮਾਧਦੀ ਮੰਡਲੀ ਹੈ ਅਤੇ ਜੋਤ ਝਮਕੇ ਰਿਮ ਝਿਮ ਮੀਆਂ ॥ਤਨ ਭਸਮ ਲ-ਗਾਇਕੇ ਭਸਮ ਹੋਨਾ ਪੇਸ਼ਜਾਇਨਾ ਗਰਬ ਤੇਗ਼ਮ ਮੀਆਂ॥

॥ ਕਲਾਮ ਰਾਂਝਾ ॥

ਤੁਸੀ ਜੋਗ ਦਾ ਪੰਥ ਬਤਾਓ ਮੈਨੂੰ ਸ਼ੌਕ ਜਾਗਿਆ ਹਰਫ਼ ਨਗੀਨਿਆਂ ਦੇ॥ ਏਸ ਜੋਗ ਦੇ ਪੰਥ ਵਿਚ ਆਇ ਵੜਿਆਂ ਛਪੇ ਐਬ ਸੁਵਾਬ ਕਮੀਨਿਆਂ ਦੇ ॥ ਹਿਰਸ ਅੱਗਤੇ ਫ਼ਕਰ ਦਾ ਪਵੇਪਾਣੀ ਜੋਗ ਠੰਢ ਘੱਤੇ ਵਿੱਚ ਸੀਨਿਆਂਦੇ ॥ ਇਕ ਫ਼ਕਰ ਹੀ ਰੱਬਦੇ ਰਹਿਨ ਸਾਬਤ ਹੋਰ ਥਿੜਕਦੇ ਅਹਿਲ ਖਜ਼ੀਨਿਆਂਦੇ॥ਤੇਰੇ ਦੁਆਰੇਤੇ ਆਨ ਮੁਹਤਾਜ ਹੋਏ ਅਸੀਂ ਨੌਕਰਹਾਂ ਬਾਝ ਮਹੀਨਿਆਂਦੇ॥ ਤੇਰਾਹੋਏਫ਼ਕੀਰਮੈਂ ਨਗਰ ਮੈਂਗਾਂ ਛੱਡਾਂ ਵਾਇਦੇ ਏਨਾਂ ਰੋਜ਼ੀਨਿਆਂਦੇ॥ ਆਪ ਰੱਬਸੱਚਾ ਜਦੋਂ ਕਰਮਕਰਦਾ ਹੋਂਵੰਦੇਦੋਂ ਫ਼ਕੀਰ ਯਕੀਨਿਆਂਦੇ॥ ਤੁਸੀ ਕਰਮਕਰੋ ਰੱਬਫ਼ਜ਼ਲਕਰਸੀਦੂਰਦਰਦਹੋਜਾਂਨ ਕਮੀਨਿਆਂ ਦੇ॥ ਦਯਾਸਾਧਨਾਸਾਸ ਕੀ ਪ੍ਰੇਮ ਸੇਵਾ ਦੂਜਾ ਆਰਤੀ ਨਾਦ ਨਵੀਨਿਆਂਦੇ ॥ ਵਾਰਸ ਕਰਮ ਜੇ ਕਰੇ ਫ਼ਕੀਰ ਉੱਤੇ ਹੋਗ

ਖੂਬ ਹੋਵਨ ਕਰਮ ਹੀਨਿਆਂ ਦੇ ॥

## ॥ ਕਲਾਮ ਨਾਥ ॥

ਏਸ ਜੋਗ ਦੇ ਵਾਹਿ ਵੇ ਬਹੁਤ ਔਖੇ ਨਾਦ ਅਨਹਦ ਸ੍ਰੰਨ ਵਜਾਵਨਾ ਓਇ॥ ਜੋਗੀ ਜੰਗਮਾਂ ਗੋਦੜੀ ਜਟਾਧਾਰੀ ਮੁੰਡੀ ਨਿਰਮਲੀ ਭੇਸ ਵਟਾਵਨਾ ਓਇ ॥ ਤਾੜੀ ਲਾਇਕੇ ਨਾਥ ਦਾ ਧਿਆਨ ਧਰਨਾ ਦਸਵੇਂ ਦੁਆਰ ਹੀ ਸਾਸ ਚੜ੍ਹਾਉਨਾ ਓਇ॥ ਨਾਓਂ ਛਕਰਦਾ ਬਹੁਤ ਐਸਾਨ ਲੈਨਾ ਖਰਾ ਕਠਨ ਹੈ ਜੋਗ ਕਮਾਉਨਾ ਓਇ ॥ ਜਿਵੇਂ ਆਯਾਂ ਦਾ ਹਰਖ ਤੇ ਸੋਗ ਤਜਾਗੇ ਨਹੀਂ ਮੁਇਆਂ ਗਿਆਂ ਪਛੋਤਾਵਨਾ ਓਇ॥ ਧੋਇ ਧਾਇਕੇ ਜਟਾਂ ਨੂੰ ਧੂਪ ਦੇਨਾ ਸਦਾ ਅੰਗ ਭਬੂਤ ਰਚ੍ਹਾਉਨਾ ਓਇ॥ ਉਦਿਆਨ ਬਾਸੀ ਜਤੀ ਸਤੀ ਜੋਗੀ ਝਾਤ ਇਸਤ੍ਰੀ ਤੇ ਨਹੀਂ ਪਾਉਨਾ ਓਇ॥ ਕੰਦ ਮੂਲ ਤੇ ਪੋਸਤ ਅਫ਼ੀਮ ਬਿਜਿਆ ਨਸ਼ਾ ਖਾਇਕੇ ਮਸਤ ਹੋ ਜਾਉਨਾ ਓਇ ॥ ਲਖ ਪਦਮਨੀ ਲਿਤ੍ਰਨੀ ਹੂਰ ਹੋਵੇ ਜਰਾ ਜੀਉ ਨੂੰ ਨਹੀਂ ਭਰਮਾਉਨਾ ਓਇ ॥ ਜਗ ਖ਼ਾਬ ਖ਼ਯਾਲ ਦੀ ਬਾਤ ਜਾਣੇ ਹੋਇ ਕਮਲਿਆਂ ਐਸ਼ ਭੁਲਾਉਨਾ ਓਇ॥ ਧੱਤ ਮੰਦਰਾਂ ਜੰਗਲਾਂ ਵਿਚ ਰਹਿਨਾ ਬੀਨ ਕਿੰਗ ਤੇ ਸੰਖ ਵਜਾਉਨਾ ਓਇ॥ ਜਗਨਨਾਥ ਗੁਦਾਵਰੀ ਗੰਗ ਜਮਨਾ ਸਦਾ ਤੀਰਥਾਂ ਤੇ ਜਾਇ ਨ੍ਹਾਉਨਾ ਓਇ ॥ ਮਹਿਲੀਂ ਸਿੱਧਾਂ ਵੇਖੇ ਡਨਾ ਦੇ ਸਪੱਛਮ ਨਵਾਂ ਨਾਥਾਂ ਦਾ ਦਰਸ਼ਨ ਪਾਵਨਾ ਓਇ ॥ ਕਾਮ ਕ੍ਰੋਧ ਤੇ ਲੋਭ ਹੰਕਾਰ ਮਾਰਨ ਜੋਗੀ ਖ਼ਾਕ ਦਰ ਖ਼ਾਕ ਹੋ ਜਾਉਨਾ ਓਇ॥

ਏਹ ਕੰਮ ਹੈ ਜੋਗ ਨਿਰਾਸਿਆਂ ਦਾ ਤੁਸਾਂ ਜੇਹਾਂ ਕੀ ਜੋਗ ਕਮਾਉਣਾ ਓਇ ॥ ਵਾਰਸ ਹਿਰਸ ਨੂੰ ਮਾਰ ਫ਼ਕੀਰ ਹੋਣਾ ਅਸਾਂ ਹੱਕ ਦਾ ਰਾਹ ਬਤਾਉਣਾ ਓਇ ॥

॥ ਕਲਾਮ ਰਾਂਝਾ ॥

ਤੁਸਾਂ ਬਖਸ਼ਣਾਂ ਜੋਗਤੇਕਰੋ ਕਿਰਪਾ ਦਾਨ ਕਰਦਿਆਂਦਿੱਲ ਨਾਲੋੜੀਏਜੀ ॥ ਜੇਹੜਾਆਸ ਕਰਕੇ ਵੜੇਆਨ ਵੇਹੜੇਜੀਉ ਉਸਦਾ ਚਾਉ ਨਾ ਤੋੜੀਏ ਜੀ ॥ ਸਿਦਕ ਧਾਰਕੇ ਚਰਨ ਜੋ ਆਨ ਲੱਗੇ ਧਾਰਲਾਵੀਂ ਵਿੱਚ ਨਾ ਬੋੜੀਏ ਜੀ ॥ ਵਾਰੇਸ਼ਾਹ ਅਨਾਥ ਦੇ ਨਾਥ ਹੋਈਏਮੂੰਹ ਉਸਤੋਂ ਕਦੀ ਨਾ ਮੋੜੀਏਜੀ॥

॥ ਕਲਾਮ ਨਾਥ ॥

ਘੋੜਾਸਬਰ ਦਾ ਹਿਰਸ ਦੀ ਵਾਗਦੇਕੇਮਾਰਨਇੰਦ੍ਰੀਆਂ ਕੰਮ ਭੁਜੰਗੀਆਂ ਦਾ ॥ ਪ੍ਰੇਮ ਕਰਨ ਤੇ ਭੇਖ਼ਦੀਧਾਰ ਕੰਪਨ ਕੰਮ ਨਹੀਂ ਏਹ ਭੁੱਖਿਆਂ ਨੰਗਿਆਂ ਦਾ ॥ ਛੱਡ ਜੱਗ ਤੇ ਹੁਕਮ ਫ਼ਕੀਰਹੋਏਏਹਕੰਮਹੈਮਾਨੂੰਆਂਹੰਗਿਆਂਦਾ॥ਜੋੜੇਮਨਮਾਰਨ ਸੋਫ਼ਕੀਰਹੋਵਨ ਨਹੀਂ ਕੰਮ ਏਹ ਭੈੜਿਆਂ ਲੰਡਿਆਂ ਦਾ ॥ ਸ਼ੌਕਮੇਹਰਤੇ ਸਬਰ ਸੰਤੋਖ ਬਾਝੋਂ ਕੇਹਾ ਫ਼ਾਇਦਾਟੁਕੜਿਆਂ ਮੰਗਿਆਂ ਦਾ॥ਵਾਰਸਸ਼ਾਹ ਜੋ ਇਸ਼ਕ ਦੇ ਰੰਗ ਰੱਤੇ ਕੈਦੀ ਆਪ ਹੈ ਰੰਗ ਬਰੰਗਿਆਂ ਦਾ ॥

॥ ਕਲਾਮ ਰਾਂਝਾ ॥

ਨਿਸਚਾ ਧਾਰਕੇ ਗੁਰੂਦੀ ਟਹਿਲਕਰੀਏ ਬਚਨਜੋਗੀਆਂਦਾ

ਫ਼ਰਮਾਇਆਈ ॥ ਜੋਗ ਕਰੇ ਜੋ ਮਰਨਥੀਂ ਹੋਇ ਅਸਥਿਰ
ਜੋਗ ਸਿੱਖੀਏ ਸਿੱਖਣਾ ਆਇਆਈ॥ ਨਾਲ ਸਿਦਕ ਯਕੀਨ
ਦੇ ਥੰਨ੍ਹ ਡਰਦਾ ਧੰਨੇ ਪੱਥਰੋਂ ਰੱਬਨੂੰ ਪਾਇਆਈ ॥ ਮਲ
ਦਿਲੇ ਦੀ ਧੋਇ ਕੇ ਸਾਫ਼ ਕੀਜੇ ਤੁਰਤ ਰੱਬ ਨੇ ਗੁਰੂ
ਮਿਲਾਇਆਈ ॥ ਵਾਰਸਸ਼ਾਹ ਏਹ ਸਾਬ ਇਕਮਈ ਜਾਪੇ
ਸ਼ਖ਼ ਜੋਗ ਸੰਨਿਆਸ ਲਿਖਾਇਆਈ ॥

॥ ਕਲਾਮ ਨਾਥ ॥

ਬੱਚਾ ਸੁਣਲੈ ਜਿਸ ਕਲਬੂਤ ਅੰਦਰ ਸੱਚੇ ਰੱਬ ਨੇ ਥਾਉਂ
ਬਣਾਇਆਈ ॥ਮਾਲਾ ਮਣਕਿਆਂ ਵਿਚ ਜਿਉਂ ਇੱਕ ਧਾਗਾ
ਤਿਵੇਂ ਸਰਬ ਦੇ ਵਿੱਚ ਸਮਾਇਆਈ॥ਸਭਨਾਂ ਜੀਆਂਦੇ ਵਿੱਚ
ਹੈਜਾਨਵਾਂਗੂੰਨਸ਼ਾਤਿਗਹਕੀਮਵਿਚਆਇਆਈ॥ਵਾਰਸਸ਼ਾਹ
ਮੀਆਂਕਲਬੂਤ ਅੰਦਰ ਰਬ ਸਚੇ ਹੀ ਆਪ ਬਣਾਇਆਈ॥

॥ ਕਲਾਮ ਰਾਂਝਾ ॥

ਜਿਵੇਂ ਰਕਤ ਸਰੀਰ ਵਿਚ ਮਾਸ ਅੰਦਰ ਤਿਵੇਂ ਜੋਤਵਿਚਜੋਤ
ਸਮਾਇ ਰਹਿਆ॥ਰਾਂਝਾ ਬੰਨ੍ਹਕੇ ਖਰਚਤੀ ਮਗਰਲਗਾਜੋਗੀ
ਅਪਨਾ ਜ਼ੋਰ ਸਭ ਲਾਇ ਰਹਿਆ ॥ ਤੇਰੇ ਦੁਆਰ ਜੋਗਾ ਹੋ
ਰਹਿਆ ਹਾਂ ਮੈਂ ਜੱਟ ਜੋਗੀ ਨੂੰ ਗਜਾਨ ਸਮਝਾਇ ਰਹਿਆ॥
ਜਿਵੇਂਪੱਤ੍ਰੀ ਮਹਿੰਦੀ ਦਾ ਰੰਗ ਰਹਿਆ ਤਿਵੇਂ ਆਤਮਾ ਦੇਹੀ
ਵਿਚ ਆਇ ਰਹਿਆ॥ਵਾਰਸਸ਼ਾਹ ਮੀਆਂ ਜਿਨ੍ਹੂੰ ਜੋਗ ਲੱਗਾ
ਦੀਨ ਦੁਨੀਆਂ ਦੇ ਕੰਮ ਥੀਂ ਜਾਇ ਰਹਿਆ ॥

॥ ਕਲਾਮ ਸ਼ਾਇਰ ॥

ਜੋਗੀ ਹੋਇਲਾਚਾਰ ਜਾਂ ਮੇਹਰ ਕੀਤੀ ਤਦੋਂ ਚੇਲਿਆਂ ਬੋਲੀਆਂ ਮਾਰੀਆਂ ਨੀ॥ ਜੀਭਾਂ ਸਾਨ ਚੜ੍ਹਾਇਕੇ ਗਿਰਦ ਹੋਏ ਜਿਵੇਂ ਤ੍ਰਿੱਖੀਆਂ ਤੇਜ ਕਟਾਰੀਆਂ ਨੀ॥ ਜੋਗ ਦੇਹੋ ਨ ਮੂਲ ਨਿਮਾਣਿਆਂ ਨੂੰ ਜਿਨ੍ਹਾਂ ਕੀਤੀਆਂ ਮੇਹਨਤਾਂ ਭਾਰੀਆਂ ਨੀ॥ ਠਰਕ ਮੁੰਡਿਆਂ ਦੇ ਲੱਗੇ ਜੋਗੀਆਂ ਨੂੰ ਮੱਤਾਂ ਜਿਨ੍ਹਾਂ ਦੀਆਂ ਰੱਬ ਨੇ ਮਾਰੀਆਂ ਨੀ॥ ਵਾਰਸ ਕਰੇਂ ਖ਼ੁਸ਼ਾਮਦਾਂ ਸੋਹਣਿਆਂ ਦੀਆਂ ਗੱਲ ਹੱਕ ਦੀ ਨਹੀਂ ਨਿਤਾਰੀਆਂ ਨੀ॥

॥ ਕਲਾਮ ਨਾਥ ॥

ਦੁਰਾਗਾਹੀਆਂ ਵੈਰ ਹੈ ਵਡਾ ਔਗਨ ਸਭੇ ਆਦਮੀ ਨਾਗੁਨਹਗਾਰ ਹੁੰਦੇ॥ ਚੋਰੀ ਕਰਨ ਤੇ ਚੁਗਲੀਆਂ ਝੂਠ ਬੋਲਨ ਮਿਲ ਸਾਧਾਂ ਨੂੰ ਜਗ ਤੋਂ ਪਾਰ ਹੁੰਦੇ॥ ਅਸਾਂ ਜੋਗੀਆਂ ਨੂੰ ਸਭ ਇਕ ਜੇਹੇ ਬੁਰੇ ਭਲੇ ਦਾ ਨਹੀਂ ਇਜ਼ਹਾਰ ਹੁੰਦੇ॥ ਅਸਾਂ ਜੋਤ ਸੇ ਜੋਤ ਜਗਾਇ ਦਣੀ ਤੁਸੀਂ ਕਾਸ ਤੋਂ ਐਡ ਬੇਜ਼ਾਰ ਹੁੰਦੇ॥ ਵਾਰਸ ਸ਼ਾਹ ਮੀਆਂ ਜੈਂ ਦਾ ਨਹੀਂ ਕੋਈ ਬੇੜੇ ਤਿਨ੍ਹਾਂ ਦੇ ਅੰਤ ਨੂੰ ਪਾਰ ਹੁੰਦੇ॥

॥ ਕਲਾਮ ਸ਼ਾਇਰ ॥

ਚਲ ਚੇਲਿਆਂ ਇਕ ਸਲਾਹ ਕੀਤੀ ਬਾਲਨਾਥ ਨੂੰ ਜਾ ਪਥੱਲਿਆ ਨੇ॥ ਛੱਡ ਦੁਆਰ ਭੰਡਾਰ ਉਖਾੜ ਚੱਲੇ ਜਾਇ ਰੰਦਤੇ ਵਾਟ ਸਭ ਮੱਲਿਆ ਨੇ॥ ਸੇਲ੍ਹੀਆਂ ਟੋਪੀਆਂ ਮੁੰਦ੍ਰਾਂ ਸੁੱਟ ਬੈਠੇ ਮੋੜ ਗੋਦੜੀ ਨਾਥ ਨੂੰ ਘੱਲਿਆ ਨੇ॥ ਵਾਰਸ ਸ਼ਾਹ ਜ਼ਲੀਲ ਨਾ ਰੱਬ ਹੋਵੇ

ਸਾਰੇ ਰਾਹ ਗ਼ਰੀਬ ਦੇ ਔਲਿਆ ਨੇ ॥

॥ ਕਲਾਮ ਰਾਂਝਾ ॥

ਸੈਦਾ ਲੈ ਕਰ ਬਖ਼ੀਲੀਆਂ ਲੱਖ ਕਰਦਾ ਇਕ ਰੱਬ ਬਖ਼ੀਲ ਨਾ ਲੋੜੀਏ ਜੀ ॥ ਕਰ ਗੌਰ ਤੇ ਕੰਮ ਬਣਾਇ ਦੀਜੇ ਮਿਲੇ ਸਿਰਾਂ ਨੂੰ ਨਹੀਂ ਵਿਛੋੜੀਏ ਜੀ ॥ ਇਹ ਹੁਸਨ ਤੇ ਹੁਕਮ ਨਾ ਨਿੱਤ ਰਹਿੰਦਾ ਨਾਲ ਆਜਜ਼ੀ ਕਰੋ ਨ ਜ਼ੋਰੀਏ ਜੀ ॥ ਕੋਈ ਕੰਮ ਗ਼ਰੀਬ ਦਾ ਬਣਨ ਲੱਗੇ ਸ਼ਾਇ ਵਿਚ ਨਾ ਹਟਕਿਆ ਲੋੜੀਏ ਜੀ ॥ ਬੇੜਾ ਲੱਦਿਆ ਹੋਇ ਮੁਸਾਫ਼ਰਾਂ ਦਾ ਪਾਰ ਲਾਈਏ ਵਿੱਚ ਨਾ ਬੋੜੀਏ ਜੀ ॥ ਜ਼ਿਮੀਂ ਨਾਲ ਨਾ ਮਾਰੀਏ ਖੇਉ ਸਨੂੰ ਜਿਸ ਨੂੰ ਆਪ ਹੀ ਚਾੜ੍ਹੀਏ ਘੋੜੀਏ ਜੀ ॥ ਭਲਾ ਕਰਦਿਆਂ ਮੂਲ ਨਾ ਢਿੱਲ ਕੀਜੇ ਕਿੱਸਾ ਤੂਲ ਦਰਾਜ਼ ਨਾ ਟੋਰੀਏ ਜੀ ॥ ਵਾਰਸ ਸ਼ਾਹ ਧਤੀਮਾਂ ਦੀ ਗੌਰ ਕੀਜੇ ਹੱਥ ਆਜਜ਼ਾਂ ਨਾਲ ਨਾ ਜੋੜੀਏ ਜੀ ॥

॥ ਕਲਾਮ ਨਾਥ ॥

ਧੁਰੋਂ ਹੁੰਦੜੇ ਵਾਰਸਾਂ ਵੈਰ ਆਏ ਬਦੀ ਚੁਗ਼ਲੀਆਂ ਧ੍ਰੋਹ ਬਖ਼ੀਲੀਆਂ ਓਇ ॥ ਮੈਨੂੰ ਤਰਸ ਆਇਆ ਜੂਹ ਦੇਖ ਤੇਰਾ ਗੱਲਾਂ ਮਿੱਠੀਆਂ ਬਹੁਤ ਰਸੀਲੀਆਂ ਓਇ ॥ ਪਾਣੀ ਦੁਧ ਵਿੱਚੋਂ ਕੱਢ ਲੈਣ ਖ਼ਾਤਰ ਜਦੋਂ ਛਿਲਕੇ ਪਾਂਵਦੇ ਤੀਲੀਆਂ ਓਇ ॥ ਗੁਰੂ ਆਖਿਆ ਮੁੰਦਰਾਂ ਤੁਰਤ ਲਿਆਵੋ ਗੱਲਾਂ ਛੱਡ ਦੇਹੋ ਅਣਖੀਲੀਆਂ ਓਇ ॥ ਨਹੀਂ ਮਰਨ ਤੋਂ ਡਰਦੇ ਨੀ ਭੌਰੇ ਆਸ਼ਕ ਜਿਨ੍ਹਾਂ ਸੂਲੀਆਂ ਸਿਰਾਂ ਤੇ ਝੀਲੀਆਂ ਓਇ ॥

ਵਾਰਸਸ਼ਾਹ ਫਿਰ ਨਾਥ ਨੇ ਹੁਕਮ ਕੀਤਾ ਕੱਢ ਅੱਖੀਆਂ ਨੀਲੀਆਂ ਪੀਲੀਆਂ ਉਇ॥

॥ ਕਲਾਮ ਸ਼ਾਇਰ ॥

ਸੱਭਾ ਤਿੰਨ ਸੈ ਸੱਠ ਜਾਂ ਭਵਨ ਤੀਰਥ ਵਾਙ ਗੁਰਾਂਨੇ ਮੱਤ੍ਹਾਂ ਕੀਲੀਆਂ ਨੇ ॥ ਨੌ ਨਾਥ ਬਵੰਜਾਬੀਰਆਏ ਚੌਸਠ ਜੋਗਨੀ ਨਾਲ ਰਸੀਲੀਆਂ ਨੇ ॥ ਚੇਲਿਆਂ ਗੁਰੂ ਦਾ ਬਚਨ ਪ੍ਰਵਾਨ ਕੀਤਾ ਜਾਇ ਸੁਰਗਾਦੀ ਮਿਟੀਆਂ ਮੇਲੀਆਂ ਨੇ॥ਛੇਜਤੀ ਤੇ ਦਸਔਤਾਰਆਏਵਿੱਚਆਬਹਯਾਤਦੇਝੀਲੀਆਂਨੇ।ਵਾਰੇਸ਼ਾਹ ਨਾਤਾਕਤਬੋਲਨੇਦੀਜਿੱਥੇਕੁਦਰਤਾਂਰਬਦੀਆਂ ਫੈਲੀਆਂਨੇ ॥

॥ ਰਾਂਝੇ ਨੂੰ ਜੋਗੀ ਕੀਤਾ ਨਾਥ ਨੇ ॥

ਦਿਨ ਚਾਰ ਗੁਜ਼ਾਰ ਸੁਕਾਇ ਮੁੰਦਰਾਂ ਬਾਲਨਾਥ ਦੀ ਨਜ਼ਰ ਗੁਜ਼ਾਰੀਆਨੇ ॥ ਗੁਸੇ ਨਾਲ ਵਿਗਾੜ ਕੇ ਕੰਮ ਸਾਰੇ ਭਰਦੇ ਗੁਰੂ ਥੋਂ ਚਾਇ ਸਵਾਰੀਆ ਨੇ॥ ਕੁਲ ਗ਼ਜ਼ਬ ਨੂੰ ਧਦੀ ਗੱਲ ਆਹੀ ਸੱਭੇ ਜੀਉ ਦੇ ਅੰਦਰੇਮਾਰੀਆਨੇ॥ਜ਼ੋਰਾਵਰੀਦੀ ਗੱਲ ਹੈ ਬਹੁਤਮੁਸ਼ਕਲਜਾਣਬੁਝਕੇ ਬਾਤ ਵਿਚਾਰੀਆਨੇ ॥ ਗੁਰੂ ਕਿਹਾਸੋਓਨਾਪ੍ਰਵਾਨਕੀਤਾਨਰਦਫੁਟੀ ਤਾਂਬਾਜ਼ੀਆਂਹਾਰੀਆਂ ਨੇ ॥ ਘੁੱਟ ਵੱਟਕੇ ਵਿੱਟਰ ਬੇ ਹੁਕਮਹੋਏ ਜਾਨ ਬੁੱਝ ਕੇ ਬਦੀ ਵਿਸਾਰੀਆਨੇ ॥ ਗਹਿਣਾ ਕੱਪੜਾ ਲੁੱਟ ਕੰਗਾਲ ਕੀਤਾ ਉਸਦੀਬਾਜਣੀਚਾਉਜਾੜੀਆਨੇ॥ ਲਿਆਉਸਤਰਾ ਗੁਰੂਦੇ ਹੱਥਦਿੱਤਾਜੋਗੀਕਰਨਦੀਨੀਤਚਾਧਾਰੀਆਨੇ॥ ਵਾਰਸਸ਼ਾਹ

ਬਿਨ ਹੁਕਮਦੇ ਪੌਣ ਹੀ ਲੱਖਵੈਰੀਆਂ ਵੇਖਕੇ ਮਾਹੀਆਨੇ ॥

॥ ਕਲਾਮ ਨਾਥ ॥

ਬਾਲਨਾਥਨੇਸਾਮ੍ਹਨੇਸੱਦਧੀਦੋ ਜੋਗਦੇਣਨੂੰ ਪਾਸ ਬਹਾਲਿਆ ਸੂ॥ਰੋਡਭੋਡਕਰਕੇ ਸੁਆਹ ਮਲੀ ਸਿਰਤੇ ਸਾਰੇ ਕੋੜਮੇ ਦਾ ਨਾਉਂ ਗਾਲਿਆਸੂ॥ ਕੰਨਪਾੜਕੇ ਚਿਰਸ ਚਾਕਰੀ ਬਾਫ਼ਲਤ ਇਕ ਪਲਕ ਵਿਚ ਮੁੰਨ ਵਿਖਾਲਿਆ ਸੂ ॥ ਜਿਵੇਂ ਪੁਤ੍ਰਾਂ ਤੇ ਬਾਪਮਹਰਕਰਦੇਜਾਪੇਦੁਧਪਿਵਾਇਕੇਪਾਲਿਆਸੂ॥ ਸੁਆਹ ਅੰਗ ਲਗਾਇ ਸਿਰ ਮੁੰਨਕੇ ਤੇ ਕੰਨੀਂ ਮੁੰਦ੍ਰਾਂ ਪਾ ਨੁਵਾਲਿਆ ਸੂ ॥ ਖਬਰ ਕੁਲ ਜਹਾਨਤੇ ਖਿੰਡ ਗਈ ਰਾਂਝਾ ਜੋਗੀੜਾ ਕਰ ਵਿਖਾਲਿਆ ਸੂ॥ ਵਾਰਸਸ਼ਾਹ ਮੀਆਂ ਸੁਨਿਆਰ ਵਾਂਗੂ ਜੱਟ ਫੇਰ ਮੁੜ ਫੈਨ ਕੇ ਗਾਲਿਆਸੂ ॥

॥ ਬਾਲਨਾਥਨੇ ਸਿਖਜਾ ਦਿੱਤੀ ॥

ਦੇਹ ਸਿੱਖਿਆ ਰੱਬਦੇ ਯਾਦ ਵਾਲੀ ਰਾਹ ਦੱਸ ਜੋ ਗੁਰਾਂਦੇ ਜਾਈਏ ਜੀ॥ਸੱਭਾ ਤਿਆਗਕੇ ਫਿਕਰ ਅੰਦੇਸੜੇਨੂੰ ਰਾਹ ਗੁਰਾਂ ਦਾ ਗੁਰਾਂਤੋਂਪਾਈਏਜੀ॥ ਸਾਡਾ ਆਤਮਾਜਾਇ ਪਰ ਇਸਤ੍ਰੀ ਥੋਂ ਏਸ ਤੌਰ ਸੇ ਜੋਗ ਕਮਾਈਏ ਜੀ ॥ ਲੱਖ ਪਦਮਨੀ ਚਿਤਰਨੀ ਨਜ਼ਰਆਵੇ ਉਥੇ ਜੀਉਨੂੰ ਨਾਹ ਡੁਲਾਈਏਜੀ ॥ ਦਿੱਤੀ ਦੀਖਿਆ ਰੱਬਦੇ ਯਾਦਵਾਲੀ ਗੁਰੂ ਜੋਗਦੇ ਭੇਦ ਨੂੰ ਪਾਈਏਜੀ ॥ ਨ੍ਹਾਇਧੋਇਪ੍ਰਭਾਤ ਭਬੂਤਲਾਈਏ ਰਾਹ ਸ਼ੌਕ ਨੂੰ ਪਰੇ ਹਟਾਈਏਜੀ ॥ ਸਿੰਙੀ ਫਾਹੁੜੀ ਖੱਪਰੀ ਹੱਥ ਲੈਕੇ

ਪਹਿਲੇ ਗੁਰੂ ਦਾ ਨਾਮ ਧਿਆਈਏ ਜੀ ॥ ਨਗਰ ਅਲਖ ਜਗਾਇ ਕੇ ਜਾ ਵੜੀਏ ਪਾਪ ਜਾਇ ਜਾਂ ਨਾਦਵਜਾਈਏਜੀ ॥ ਸੁਖੀ ਦੁਆਰਵੱਸੇ ਜੋਗੀਭੀਖਮੰਗੇ ਦੇਹ ਦੁਆਇ ਅਸੀਸ ਸੁਨਾਈਏਜੀ ॥ ਇਸੀ ਭਾਂਤ ਸੇ ਨਗਰਕੀ ਭੀਖਲੈਕੇ ਮਸਤ ਲਟਕਦੇ ਦੁਆਰੇ ਕੋ ਆਈਏਜੀ ॥ ਵੱਡੀ ਮਾਉਂ ਹੈ ਜਾਨਕੇ ਕਰੋ ਨਿਸਚਾ ਛੋਟੀਭੈਣਮਾਨਿੰਦਕਰਾਈਏਜੀ ॥ ਵਾਰਸਸ਼ਾਹ ਯਕੀਨਦੀ ਗੱਲ ਬੱਧੀ ਸਭੋ ਹਕਹੀਕ ਠਹਿਰਾਈਏਜੀ ॥

॥ ਕਲਾਮ ਰਾਂਝਾ ॥

ਰਾਂਝਾ ਆਖਦਾ ਪਵੈ ਨ ਖਿਆਲ ਮੇਰੇ ਕਦੇਕਹਿਰਦੀ ਵਾਗ ਹਟਾਈਏਜੀ ॥ ਗੁਰੂ ਮੱਤ ਤੇਰੀ ਸਾਨੂੰ ਨਹੀਂ ਫਬਦੀ ਗਲ ਘੁਟਕੇ ਪਾਰ ਲੰਘਾਈਏਜੀ ॥ ਪਹਿਲਾਂ ਚੇਲਿਆਂਨੂੰ ਚਾ ਹੇਜ ਕਰੀਏ ਪਿਛੋਂ ਜੋਗਦਾ ਪੰਥ ਬਤਾਈਏਜੀ ॥ ਇਕ ਵਾਤ ਜੋ ਦੱਸਨਾ ਦੱਸ ਛੱਡੋ ਘੜੀ ਘੜੀ ਨਾ ਗੁਰੂ ਅਕਾਈਏ ਜੀ ॥ ਕਰਤੂਤ ਜੋ ਏਹਸੀ ਸਭਤੇਰੀ ਮੁੰਡੇ ਠੱਗਕੇ ਲੀਕ ਨ ਲਾਈ-ਏਜੀ ॥ ਵਾਰਸਸ਼ਾਹ ਸ਼ਗਿਰਦ ਤੇ ਚੇਲੜੇ ਨੂੰ ਕਾਈ ਭਲੀ ਹੀ ਮੱਤ ਸਿਖਲਾਈਏਜੀ ॥

॥ ਕਲਾਮ ਨਾਥ ॥

ਕਹੇ ਨਾਥ ਰੰਝੇਟਿਆ ਸਮਝ ਭਾਈ ਸਿਰ ਚਾਇਓ ਜੋਗ ਭਰੋਟੜੀ ਨੂੰ ॥ ਅਲਖ ਨਾਦ ਵਜਾਇਕੇ ਕਰੋ ਸੇਵਾ ਮੇਲ ਲਿਆਵਣਾ ਟੁਕੜੇ ਰੋਟੜੀ ਨੂੰ ॥ ਅਸੀ ਮੂਹੋਂ ਅਲੂਣਾ ਝੂਠ